

FARM AND SPICE
Open 7 Days a Week
8.30 am to 9.00 pm
SPECIAL OFFERS : 05 - 11 Aug
Daily Specials on
ਪੱਤਾ ਗੋਬੀ
Cabbage
99¢/lb
ਕਲਰਡ ਪੈਪਰ
Coloured Peper
99¢/lb
ਟਮਾਟਰ
Tomato
99¢/lb
ਨਿੰਬੂ
Organic Lemon
69¢ each
ਲਾਇਮਜ਼
Limes
69¢ each
ਪੁਦੀਨਾ
Mint
99¢ each
ਫੁਲ ਗੋਬੀ
Cauliflower
$1.99 each
ਜੈਜ਼ ਸੇਬ
Jazz apple
$1.29/lb
ਨਮਕੀਨਜ਼
Balaji
Assorted Namkeen
200g
99¢/each
ਨਮਕੀਨਜ਼
Balaji
Assorted Namkeen
500g
$1.99 each
ਛੁੰਨਿਆ ਚਨਾ (ਸਾਬਤ)
Sher
Chana with skin
400g
$2.79 each
800g
$4.79 each
ਮਖਾਣਾ
Crispeez
flavoured makhana assorted
70g
$4.79 each
ਹੈਲੋ ਜੀ ਰੱਸ
Hello ji
Saunf Elaichi & Milk Rusk
600g
$3.99 each
DESIGNER RAKHI AVAILABLE
ਬਦਾਮ
Almonds
Premium Quality
$4.99/lb
ਹੀਰ ਵੇਸਣ
Heer
Besan
4lb
$3.99 each
ਵੇਰਕਾ ਪੱਫ
Verka
Assorted Khari Puff
350g
$4.99 each
ਗੁੜ ਤੇ ਸ਼ਕਰ
Haryana King
Pesi Gur & Shakkar
1kg
$3.99 each
ਹੀਰ ਕਣਕ ਆਟਾ
Heer
Chakki Atta
20lb
$11.99 each
ਹੀਰ ਚਪਾਤੀ ਆਟਾ
Heer
Whole Grain Atta
20lb
$11.99 each
PUNJABI FLAVOURED KULFI ALSO AVAILABLE
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last

# ਦੁਨੀਆ ’ਚ ਮੋਦੀ ਦੀ ਰਾਏ ਬਿਨਾਂ ਕੋਈ ਫ਼ੈਸਲਾ ਨਹੀਂ ਲਿਆ ਜਾਂਦਾ: ਸ਼ਾਹ

ਨਵੀਂ ਦਿੱਲੀ-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਨਵਾਂ ਭਾਰਤ ਸਿਰਜਿਆ ਜਾ ਰਿਹਾ ਹੈ। ਕੌਮੀ ਝੰਡੇ ਦੇ ਨਿਰਮਾਤਾ ਪਿੰਗਲੀ ਵੈਂਕਈਆ ਦੇ ਸਨਮਾਨ ’ਚ ਰੱਖੇ ‘ਤਿਰੰਗਾ ਉਤਸਵ’ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਸਭ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ’ਤੇ ਤਿਰੰਗਾ ਲਹਿਰਾ ਕੇ ਅਤੇ ਕੌਮੀ ਝੰਡੇ ਦੀ ਤਸਵੀਰ ਸੋਸ਼ਲ ਮੀਡੀਆ ’ਤੇ ਆਪਣੀ ਪ੍ਰੋਫਾਈਲ ‘ਤੇ ਅਪਲੋਡ ਕਰਕੇ ‘ਹਰ ਘਰ ਤਿਰੰਗਾ’ ਮੁਹਿੰਮ ਨੂੰ ਸਫਲ ਬਣਾਉਣ।” ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਇੱਕ ਨਵੇਂ ਭਾਰਤ ਦਾ ਸੁਪਨਾ ਸਾਕਾਰ ਹੋ ਰਿਹਾ ਹੈ। ਹੁਣ ਪੂਰੀ ਦੁਨੀਆ ਭਾਰਤ ਵੱਲ ਸਨਮਾਨ ਦੀ ਨਜ਼ਰ ਨਾਲ ਦੇਖ ਰਹੀ ਹੈ। 2014 ਤੋਂ 2022 ਦਰਮਿਆਨ ਪ੍ਰਧਾਨ ਮੰਤਰੀ ਮੋਦੀ ਨੇ ਦੁਨੀਆ ਵਿੱਚ ਭਾਰਤ ਦਾ ਮਾਣ ਵਧਾਇਆ ਹੈ। ਦੁਨੀਆ ਕਿਸੇ ਵੀ ਮੁੱਦੇ ‘ਤੇ ਉਦੋਂ ਤੱਕ ਕੋਈ ਫੈਸਲਾ ਨਹੀਂ ਲੈਂਦੀ, ਜਦੋਂ ਤੱਕ ਪ੍ਰਧਾਨ ਮੰਤਰੀ ਮੋਦੀ ਆਪਣੀ ਰਾਏ ਨਹੀਂ ਦਿੰਦੇ।

ੴ ਸਤਿਗੁਰ ਪ੍ਰਸਾਦਿ ॥



## ਧੰਨ ਧੰਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ 117ਵੇਂ ਜਨਮ ਦਿਹਾੜੇ ਦੀ ਖੁਸ਼ੀ ਵਿੱਚ

## 5 ਤੋਂ 7 ਅਗਸਤ ਤੱਕ

## ਮਹਾਨ ਗੁਰਮਤਿ ਸਮਾਗਮ

**24746 FRASER HWY**
**LANGLEY, BC (NEAR CO-OP)**

**ਅਗਸਤ 5, 2022**
ਦੀਵਾਨ ਰਾਤ 6 ਤੋਂ 8:30 ਵਜੇ ਤੱਕ

**ਅਗਸਤ 6, 2022**
ਦੀਵਾਨ ਰਾਤ 6 ਤੋਂ 8:30 ਵਜੇ ਤੱਕ

**ਅਗਸਤ 7, 2022**
ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰ 6 ਤੋਂ 8 ਵਜੇ ਤੱਕ
ਭੋਗ ਸ੍ਰੀ ਸਹਿਜ ਪਾਠ ਸਵੇਰੇ 9 ਵਜੇ
ਕੀਰਤਨ ਸਮਾਗਮ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ





**6 ਅਤੇ 7 ਅਗਸਤ ਦੇ ਸਮਾਗਮਾਂ ਵਿੱਚ ਸੰਤ ਬਲਜਿੰਦਰ ਸਿੰਘ ਜੀ ਵੀ ਹਾਜ਼ਰੀ ਭਰਨਗੇ।**
**ਸੰਤ ਕਸ਼ਮੀਰਾ ਸਿੰਘ ਜੀ ਅਲਹੌਰਾਂ ਵਾਲੇ ਰੋਜ਼ਾਨਾ ਸਮਾਗਮ ਦੀਆਂ ਹਾਜ਼ਰੀਆਂ ਭਰਨਗੇ।**

CONTACT: PAMMI SINGH - 778-896-1313 OR SIKANDAR SINGH - 604-866-3100 OR MANDEEP SINGH - 604-339-7520

# ਕਬਾਇਲੀਆਂ ‘ਤੇ ਲਗਾਇਆ ਜਾਂਦਾ ਹੈ ‘ਨਕਸਲੀਆਂ’ ਦਾ ਠੱਪਾ

## ਸਿਮਰਨਜੀਤ ਸਿੰਘ ਮਾਨ ਨੇ ਕਬੀਲਿਆਂ ਦਾ ਮੁੱਦਾ ਉਠਾਇਆ

ਨਵੀਂ ਦਿੱਲੀ-ਸ਼੍ਰੋਮਣੀ ਅਕਾਲੀ ਦਲ (ਅ) ਦੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਗਾਇਆ ਕਿ ਕਬਾਇਲੀਆਂ ਨੂੰ ‘ਨਕਸਲੀ’ ਆਖਿਆ ਜਾਂਦਾ ਹੈ ਅਤੇ ਸੁਰੱਖਿਆ ਬਲਾਂ ਵਲੋਂ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ। ਉਨ੍ਹਾਂ ਸਰਕਾਰ ਤੋਂ ਅਜਿਹੀਆਂ ਗ਼ੈਰ-ਨਿਆਇਕ ਹੱਤਿਆਵਾਂ ਦੇ ਪਿੱਛੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ। ਮਾਨ ਨੇ ਲੋਕ ਸਭਾ ‘ਚ ਜੰਗਲੀ ਜੀਵ ਸੁਰੱਖਿਆ (ਸੋਧ) ਬਿੱਲ 2021 ‘ਤੇ ਚਰਚਾ ‘ਵਿਚ ਸ਼ਾਮਿਲ ਹੁੰਦਿਆਂ ਇਹ ਮੁੱਦਾ ਚੁੱਕਿਆ। ਮਾਨ ਨੇ ਕਿਹਾ ਕਿ ਕਬਾਇਲੀ ਦੁੱਖ ਝੱਲ ਰਹੇ ਹਨ ਅਤੇ ਜੰਗਲਾਂ ਵਿਚ ਜਿੱਥੇ ਉਹ ਰਹਿੰਦੇ ਹਨ ਉਥੇ ਮਾਈਨਿੰਗ ਹੋਣ ਕਰਕੇ ਉਨ੍ਹਾਂ ਦਾ ਜੀਵਨ ਜਿਊਣ ਦਾ ਢੰਗ ਵਿਗੜ ਗਿਆ ਹੈ। ਮਾਨ ਨੇ ਕਿਹਾ ਕਿ ਮਨੁੱਖ ਤੇ ਜੰਗਲ ਵਿਚਕਾਰ ਟਕਰਾਅ ਹੈ। ਸਾਡੇ ਕਬਾਇਲੀ ਜੰਗਲਾਂ ‘ਚ ਰਹਿੰਦੇ ਹਨ। ਪਰ ਅਸੀਂ ਖਾਨਾਂ ਦੀ ਤਲਾਸ਼ ਕਰ ਰਹੇ ਹਾਂ ਅਤੇ ਜੰਗਲਾਂ ਨੂੰ ਤਬਾਹ ਕਰ ਰਹੇ ਹਾਂ। ਨਤੀਜੇ ਵਜੋਂ ਕਬਾਇਲੀਆਂ ਨੂੰ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ ਅਤੇ ਉਨ੍ਹਾਂ



ਦਾ ਜਿਊਣਾ ਦੁੱਭਰ ਹੋ ਗਿਆ ਹੈ। ਉਨ੍ਹਾਂ ਨੂੰ ਸਰਕਾਰ ਨਕਸਲੀ ਜਾਂ ਮਾਓਵਾਦੀ ਕਰਾਰ ਦੇ ਕੇ ਮਾਰ ਦਿੰਦੀ ਹੈ।

ਉਨ੍ਹਾਂ ਮੰਤਰੀ ਤੋਂ ਇਹ ਵੀ ਪੁੱਛਿਆ ਕੀ ਉਹ ਜੰਗਲਾਂ ‘ਚ ਖਣਿਜਾਂ ਦੀ ਖੁਦਾਈ ‘ਤੇ ਪਾਬੰਦੀ ਲਗਾਉਣਗੇ? ਮਾਨ ਨੇ ਕਿਹਾ ਕਿ ਕਬਾਇਲੀ ਭਾਵੇਂ ਕੁਦਰਤ ਦੇ ਉਪਾਸ਼ਕ ਹਨ ਪਰ ਉਨ੍ਹਾਂ ਨੂੰ ਕੁਝ ਧਰਮਾਂ ਵਿਚ ਤਬਦੀਲ ਕੀਤਾ ਜਾਂਦਾ ਹੈ, ਜੋ ਭਾਰਤ ਵਿਚ ਧਰਮਾਂ ਦੀ ਮਰਿਆਦਾ ਦੇ ਖ਼ਿਲਾਫ਼ ਹੈ।


# ਕਿਸਾਨਾਂ ਦੀ ਆਮਦਨ ਦੁੱਗਣੀ ਹੋਣ ਦੀ ਬਜਾਏ ਘਟੀ:ਹਰਸਿਮਰਤ

ਨਵੀਂ ਦਿੱਲੀ-ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਨੂੰ ਇੰਨ-ਬਿਨ ਲਾਗੂ ਕੀਤਾ ਜਾਵੇ। ਫ਼ਸਲ ਦੀ ਲਾਗਤ ’ਤੇ 50 ਫ਼ੀਸਦੀ ਮੁਨਾਫ਼ਾ ਯਕੀਨੀ ਬਣਾਇਆ ਜਾਵੇ ਅਤੇ ਫ਼ਸਲਾਂ ਦੀ ਐੱਮਐੱਸਪੀ ਨੂੰ ਕਾਨੂੰਨੀ ਦਰਜਾ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਤੇਲ ਤੇ ਰਸੋਈ ਗੈਸ ਕੀਮਤਾਂ ਘਟਾਈਆਂ ਜਾਣ। ਸੰਸਦ ਵਿਚ ਮਹਿੰਗਾਈ ’ਤੇ ਹੋਈ ਚਰਚਾ ਵਿੱਚ ਹਿੱਸਾ ਲੈਂਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਐਨਡੀਏ ਸਰਕਾਰ ਇਸ ਮਾਮਲੇ ’ਤੇ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਦੀ ਮਾਮਲੇ ’ਤੇ ਮੁਲਕ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

# ਸਰਕਾਰ ਦੀਆਂ ਅੱਖਾਂ ’ਤੇ ਹੰਕਾਰ ਦੀ ਪੱਟੀ ਬੱਝੀ:ਰਾਹੁਲ



ਨਵੀਂ ਦਿੱਲੀ:ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੂੰ ਮਹਿੰਗਾਈ ਨਜ਼ਰ ਨਹੀਂ ਆਉਂਦੀ ਕਿਉਂਕਿ ਉਸ ਨੇ ਅੱਖਾਂ ’ਤੇ ਹੰਕਾਰ ਦੀ ਪੱਟੀ ਬੰਨ੍ਹ ਰੱਖੀ ਹੈ ਅਤੇ ਇਹ ਦੇਸ਼ ਦੀ ਜਾਇਦਾਦ ਆਪਣੇ ਮਿੱਤਰਾਂ ਨੂੰ ‘ਮੁਫ਼ਤ’ ਵਿੱਚ ਵੇਚ ਰਹੀ ਹੈ। ਲੋਕ ਸਭਾ ’ਚ ਮਹਿੰਗਾਈ ਦੇ ਮੁੱਦੇ ’ਤੇ ਚਰਚਾ ਤੋਂ ਇੱਕ ਦਿਨ ਬਾਅਦ ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਟਵਿੱਟਰ ਤੇ ਫੇਸਬੁੱਕ ’ਤੇ ਸਰਕਾਰ ਨੂੰ ਨਿਸ਼ਾਨੇ ’ਤੇ ਲਿਆ। ਬਹਿਸ ਦੌਰਾਨ ਭਾਜਪਾ ਆਗੂ ਜੈਯੰਤ ਸਿਨਹਾ ਨੇ ਕਿਹਾ ਸੀ ਕਿ ਵਿਰੋਧੀ ਧਿਰ ਮਹਿੰਗਾਈ ਲੱਭ ਰਹੀ ਹੈ ਪਰ ਉਸ ਨੂੰ ਇਹ ਲੱਭ ਨਹੀਂ ਰਹੀ। ਸਿਨਹਾ ਦੇ ਬਿਆਨ ਦੇ ਹਵਾਲੇ ਨਾਲ ਰਾਹੁਲ ਨੇ ਟਵੀਟ ਕੀਤਾ, ‘ਖੈਰ! ਇਨ੍ਹਾਂ ਨੂੰ ਮਹਿੰਗਾਈ ਦਿਖਾਈ ਕਿਵੇਂ ਦੇਵੇਗੀ? ਅੱਖਾਂ ’ਤੇ ਹੰਕਾਰ ਦੀ ਪੱਟੀ ਬੰਨ੍ਹ ਕੇ ਉਹ ਦੇਸ਼ ਦੀ ਜਾਇਦਾਦ ‘ਫਰੀ ਫੰਡ’ ਵਿੱਚ ਆਪਣੇ ਦੋਸਤਾਂ ਨੂੰ ਵੇਚ ਰਹੇ ਹਨ।’ ਉਨ੍ਹਾਂ ਟਵੀਟ ਕੀਤਾ, ‘ਅਮ੍ਰਿਤ ਕਾਲ ਦੇ ਜਸ਼ਨਾਂ ’ਚ ਰੁੱਝੀ ਭਾਜਪਾ ਸਰਕਾਰ ਨੇ ਸਦਨ ’ਚ ਕਹਿ ਦਿੱਤਾ ਕਿ ਦੇਸ਼ ’ਚ ਮਹਿੰਗਾਈ ਹੈ ਹੀ ਨਹੀਂ।

Charlesworth
insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"



Phone:
604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com


Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



www.accuraterailing.com

AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਉ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਐਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਉਹ 28 ਦੇਸ਼ ਭਗਤ ਬਿਜ਼ਨਸਮੈਨ ਜਿਨ੍ਹਾਂ ਨੇ ਭਾਰਤੀ ਬੈਂਕਾਂ ਨੂੰ ਚੂਨਾ ਲਾਇਆ

ਦਿੱਲੀ:ਇਹ ਉਹ ਲੋਕ ਹਨ ਜਿਨਾ ਦੇਸ ਦਾ ਸਰਮਾਏ ਵਿਦੇਸ਼ਾ ਵਿੱਚ ਭੇਜਿਆ।1 ਵਿਜੈ ਮਾਲੀਆ 2) ਮੇਹੁਲ ਚੌਕਸੀ 3) ਨੀਰਵ ਮੋਦੀ 4) ਨਿਸ਼ਾਨ ਮੋਦੀ 5) ਪੁਸ਼ਪੇਸ਼ ਬੈਦਿਆ 6) ਆਸ਼ੀਸ਼ ਜੋਬਨਪੁੱਤਰਾ 7) ਸੰਨੀ ਕਾਲੜਾ 8 ਆਰਤੀ ਕਾਲੜਾ 9) ਸੰਜੇ ਕਾਲੜਾ 10) ਵਰਸ਼ਾ ਕਾਲੜਾ 11) ਸੁਧੀਰ ਕਾਲੜਾ 12) ਜਤਿਨ ਮਹਿਤਾ 13) ਉਮੇਸ਼ ਪਾਰਿਖ 14) ਕਮਲੇਸ਼ ਪਾਰਿਖ 15) ਨਿਲੇਸ਼ ਪਾਰਿਖ 16) ਵਿਨੈ ਮਿੱਤਲ 17) ਏਕਲਵਯ ਗਰਗ 18) ਚੇਤਨ ਜਯੰਤੀਲਾਲ 19) ਨਿਤਿਨ ਜਯੰਤੀਲਾਲ 20) ਦੀਪਤੀ ਬੇਨ ਚੇਤਨ 21 ਸਵਿਯਾ ਸੇਠ 22 ਰਾਜੀਵ ਗੋਇਲ 23 ਅਲਕਾ ਗੋਇਲ 24 ਲਲਿਤ ਮੋਦੀ 25 ਰਿਤੇਸ਼ ਜੈਨ 26 ਹਿਤੇਸ਼ ਨਗੇਂਦਰ ਭਾਈ ਪਟੇਲ 27 ਮਯੂਰੀ ਬੇਨ ਪਟੇਲ 28 ਆਸ਼ੀਸ਼ ਸੁਰੇਸ਼ ਭਾਈ।ਇਨ੍ਹਾਂ ਸਾਰੇ ਦੇਸ਼ ਭਗਤਾਂ ਨੇ, ਉਨ੍ਹਾਂ ਦੇਸ਼ ਭਗਤੀ ਦੇ ਸਰਟੀਫਿਕੇਟ ਦੇਣ ਵਾਲਿਆਂ, ਨਾਲ ਮਿਲ ਕੇ ਖਰਬਾਂ ਰੁਪਏ ਹੀ ਤਾਂ ਲੁੱਟੇ ਹਨ।ਮਜ਼ੇ ਦੀ ਗੱਲ ਤਾਂ ਇਹ ਹੈ, ਕਿ ਇੰਨ੍ਹਾਂ ਸਾਰੇ ਮਹਾਨ ਦੇਸ਼ ਭਗਤਾਂ 'ਚੋਂ ਕੋਈ ਇੱਕ ਵੀ ਸਿੱਖ ਨਹੀਂ,ਇੱਕ ਵੀ ਪੰਜਾਬੀ ਨਹੀਂ,ਇੱਕ ਵੀ ਕਿਸਾਨ ਨਹੀਂ,ਇੱਕ ਵੀ ਘੋਸ਼ਿਤ ਖਾੜਕੂ ਨਹੀਂ,ਇੱਕ ਵੀ ਮੁਸਲਮਾਨ ਵੀਰ ਨਹੀਂ,ਇੱਕ ਵੀ ਨਕਸਲਵਾੜੀ ਨਹੀਂ, ਜਾਂ ਫਿਰ,ਇੱਕ ਵੀ ਛੋਟੀ ਜਾਤੀ, ਪਿਛੜੀ ਸ਼੍ਰੇਣੀ ਦਾ ਨਹੀਂ।ਹਾਂ, ਸਿਰਫ਼ ਇੱਕ ਵਿਜੈ ਮਾਲੀਆ ਤੋਂ ਬਿਨਾਂ, ਬਾਕੀ ਸਾਰੇ ਦੇ ਸਾਰੇ ਹੀ ਮਾਡਲ ਸਟੇਟ ਗੁਜਰਾਤ ਨਾਲ ਸੰਬੰਧਿਤ ਸਨ। ਉਹ ਗੁਜਰਾਤ, ਜਿਸਦੀ ਆਜ਼ਾਦੀ ਦੀ ਲੜਾਈ 'ਚ, ਇੱਕ ਪ੍ਰਤੀਸ਼ਤ ਵੀ ਦੇਣ ਨਹੀਂ ਸੀ। ਇਸ ਸਭ ਦੇ ਬਾਵਯੂਦ ਵੀ, ਉਹ ਕਿਸਾਨਾਂ ਨੂੰ, ਸਿੱਖਾਂ ਨੂੰ, ਖ਼ਾਸ ਕਰ ਕੇ ਪੰਜਾਬੀਆਂ ਨੂੰ, ਜਿੰਨ੍ਹਾਂ ਦਾ ਆਜ਼ਾਦੀ ਦੀ ਲੜਾਈ ਵਿੱਚ ਯੋਗਦਾਨ ਸਭ ਤੋਂ ਵੱਧ ਅਤੇ ਕੁਰਬਾਨੀਆਂ ਵੀ ਸਭ ਤੋਂ ਵੱਧ ਸਨ; ਪਰੰਤੂ, ਇਹ ਦੇਸ਼-ਭਗਤੀ ਦੇ ਸਰਟੀਫਿਕੇਟ ਵੰਡਣ ਵਾਲੇ, ਉਨ੍ਹਾਂ ਹੀ ਪੰਜਾਬੀਆਂ ਨੂੰ ਦੇਸ਼ ਵਿਰੋਧੀ ਕਹਿ ਰਹੇ ਹਨ।

# ਮੋਦੀ ਸਰਕਾਰ ਉਸ ਨੂੰ ਹੀ ਸਹੀ ਮੰਨਦੀ, ਜੋ ਉਸ ਦੀ ਵਾਹ-ਵਾਹ ਕਰੇ:ਰਘੂਰਾਮ ਰਾਜਨ

ਨਵੀਂ ਦਿੱਲੀ:ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਕਿ ਭਾਰਤੀ ਅਰਥ ਵਿਵਸਥਾ ਦੁਨੀਆ ਦੀ ਦੂਜੀ ਅਰਥ ਵਿਵਸਥਾ ਤੋਂ ਜ਼ਿਆਦਾ ਮਜ਼ਬੂਤ ਹੈ, ਪਰ ਰੁਜ਼ਗਾਰ ਦੇ ਮੌਕੇ ਨਾ ਪੈਦਾ ਕਰਨ ਕਾਰਨ ਅਗਲੇ ਦਸ ਸਾਲਾਂ 'ਚ ਪ੍ਰੇਸ਼ਾਨੀਆਂ ਵਧ ਸਕਦੀਆਂ ਹਨ । ਜਿਸ ਦਰ ਨਾਲ ਮਹਿੰਗਾਈ ਵਧ ਰਹੀ ਹੈ, ਉਸ ਨਾਲ ਸੰਕਟ ਡੂੰਘਾ ਹੋ ਸਕਦਾ ਹੈ।ਉਨ੍ਹਾਂ ਕਿਹਾ, 'ਅਸੀਂ ਅਰਾਮ ਨਹੀਂ ਕਰ ਸਕਦੇ, ਸਾਨੂੰ ਹੋਰ ਕਰਨ ਦੀ ਜ਼ਰੂਰਤ ਹੈ। ਸਾਨੂੰ ਆਪਣੇ ਆਪ 'ਚ ਕੁਝ ਹੋਰ ਸੁਧਾਰ ਕਰਨਾ ਹੋਵੇਗਾ । ਮੋਦੀ ਸਰਕਾਰ ਉਨ੍ਹਾਂ ਨੂੰ ਹੀ ਸਹੀ ਮੰਨਦੀ ਹੈ, ਜੋ ਉਨ੍ਹਾਂ ਦੀ ਵਾਹ-ਵਾਹ ਕਰਦੇ ਹਨ, ਬਾਕੀ ਸਾਰੇ ਗਲਤ ਹਨ ।'

ਇੱਕ ਟੀ ਵੀ ਨੂੰ ਦਿੱਤੇ ਇੰਟਰਵਿਊ 'ਚ ਉਨ੍ਹਾ ਕਿਹਾ ਕਿ ਵਿਸ਼ਵ ਅਰਥ ਵਿਵਸਥਾ ਸੰਕਟ 'ਚੋਂ ਲੰਘ ਰਹੀ ਹੈ।ਕੋਵਿਡ ਕਾਰਨ ਵਿਸ਼ਵ ਅਰਥ ਵਿਵਸਥਾ ਕਾਫ਼ੀ ਪ੍ਰਭਾਵਤ ਹੋਈ ਹੈ।ਅਸੀਂ ਇੱਕ ਗਰੀਬ ਦੇਸ਼ 'ਚ ਰਹਿ ਰਹੇ ਹਾਂ।ਪਿਛਲੇ ਕੁਝ ਸਾਲਾਂ 'ਚ ਜਿਸ ਤਰ੍ਹਾਂ ਨੌਕਰੀਆਂ ਦੀ ਜ਼ਰੂਰਤ ਹੈ, ਉਸ ਲਈ ਵਿਕਾਸ ਪ੍ਰਾਪਤ ਨਹੀਂ ਹੈ ।

# ਜੰਗ ਹੋਣ 'ਤੇ ਭਾਰਤ ਹੀ ਜਿੱਤੇਗਾ:ਰਾਜਨਾਥ

ਦਿੱਲੀ:-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਜੇਕਰ ਕਿਸੇ ਨੇ ਵੀ ਮੁਲਕ 'ਤੇ ਮਾੜੀ ਨਜ਼ਰ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮੂੰਹ ਤੋੜ ਜਵਾਬ ਦੇਣ ਲਈ ਭਾਰਤ ਪੂਰੀ ਤਰ੍ਹਾਂ ਨਾਲ ਤਿਆਰ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਜੇਕਰ ਕੋਈ ਜੰਗ ਹੋਈ ਤਾਂ ਭਾਰਤ ਹੀ ਜਿੱਤੇਗਾ।ਮਕਬੂਜ਼ਾ ਕਸ਼ਮੀਰ ਨੂੰ ਮੁੜ ਹਾਸਲ ਕਰਨ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਭਾਰਤ ਦਾ ਹਿੱਸਾ ਹੈ। 'ਕਾਰਗਿਲ ਵਿਜੈ ਦਿਵਸ' ਦੇ ਸਬੰਧ 'ਚ ਕਰਵਾਏ ਗਏ ਇਕ ਪ੍ਰੋਗਰਾਮ ਦੌਰਾਨ ਉਨ੍ਹਾਂ ਕਿਹਾ,''ਮੈਂ ਤੁਹਾਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਵਿਦੇਸ਼ੀ ਤਾਕਤ ਨੇ ਸਾਡੇ 'ਤੇ ਬੁਰੀ ਨਜ਼ਰ ਰੱਖੀ ਅਤੇ ਜੰਗ ਹੋਈ ਤਾਂ ਅਸੀਂ ਜਿੱਤਾਂਗੇ।'' ਉਨ੍ਹਾਂ ਕਿਹਾ ਕਿ ਭਾਰਤ ਨੇ 1947 ਤੋਂ ਬਾਅਦ ਸਾਰੀਆਂ ਜੰਗਾਂ ਵਿਚ ਪਾਕਿਸਤਾਨ ਨੂੰ ਹਰਾਇਆ ਹੈ ਅਤੇ ਇਨ੍ਹਾਂ ਹਾਰਾਂ ਤੋਂ ਬਾਅਦ ਹੀ ਉਸ ਨੇ ਲੁਕਵੀਆਂ ਜੰਗਾਂ ਦਾ ਰਾਹ ਅਪਣਾਇਆ ਹੈ।ਰੱਖਿਆ ਮੰਤਰੀ ਨੇ ਕਿਹਾ ਕਿ ਫ਼ੌਜ ਭਵਿੱਖ ਦੀਆਂ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤੇ ਚੀਨ ਨਾਲ ਜੰਗ ਦੌਰਾਨ ਜੰਮੂ ਕਸ਼ਮੀਰ ਦੇ ਲੋਕ ਆਪਣੀ ਫ਼ੌਜ ਨਾਲ ਖੜ੍ਹੇ ਰਹੇ ਸਨ।


# ਕਿਸਾਨਾਂ ਦੀਆਂ ਭਗਵੰਤ ਮਾਨ ਨੇ ਮੰਨੀਆਂ ਮੰਗਾਂ ਕੀਤੇ ਵੱਡੇ ਐਲਾਨ

ਚੰਡੀਗੜ੍ਹ-ਕਿਸਾਨਾਂ ਨਾਲ ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਵਲੋਂ ਵਿਸੇਸ਼ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਦੌਰਾਨ ਕਿਸਾਨਾਂ ਦੀਆਂ ਕਈ ਮੰਗਾਂ ਤੇ ਸਹਿਮਤੀ ਬਣੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੀਐੇਮ ਮਾਨ ਨੇ ਕਿਹਾ ਕਿ, ਕਿਸਾਨਾਂ ਉਤੇ ਦਰਜ ਸਾਰੇ ਪਰਚੇ ਰੱਦ ਹੋਣਗੇ। ਇਸ ਤੋਂ ਇਲਾਵਾ ਕਿਸਾਨਾਂ ਨੂੰ 5 ਅਗਸਤ ਨੂੰ ਮੁਆਵਜ਼ਾ ਰਾਸ਼ੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਮਾਨ ਨੇ ਕਿਹਾ ਕਿ ਗੰਨੇ ਦਾ ਭੁਗਤਾਨ 7 ਸਤੰਬਰ ਤੱਕ ਕਰ ਦਿੱਤਾ ਜਾਵੇਗਾ।

ਸੀਐੇਮ ਮਾਨ ਨੇ ਕਿਹਾ ਕਿ, ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾ ਰਹੀਆਂ ਹਨ, ਸੋ ਕਿਸਾਨ ਹੁਣ ਸਹਿਮਤ ਹੋ ਗਏ ਹਨ ਕਿ ਉਹ ਕੱਲ੍ਹ ਪ੍ਰਦਰਸ਼ਨ ਨਹੀਂ ਕਰਨਗੇ। ਖ਼ਬਰਾਂ ਮੁਤਾਬਿਕ, ਕਿਸਾਨ ਜਥੇਬੰਦੀਆਂ ਨੇ ਤਿੰਨ ਅਗਸਤ ਨੂੰ ਚੱਕਾ ਜਾਮ ਕਰਨ ਦਾ ਪ੍ਰੋਗਰਾਮ ਉਲੀਕਿਆ ਸੀ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਦਾ ਬਿਆਨ ਆਇਆ ਹੈ ਕਿ ਕਿਸਾਨ ਭਲਕੇ ਪ੍ਰਦਰਸ਼ਨ ਨਹੀਂ ਕਰਨਗੇ।

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh


CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਜਿਨ੍ਹਾਂ ਪਛੜਿਆਂ ਦੇ ਸੁਪਨੇ ਸਾਕਾਰ ਹੁੰਦੇ ਹਨ, ਉਹ ਹੋਰ ਪਛੜਿਆਂ ਦੇ ਸੁਪਨੇ ਸਾਕਾਰ ਕਰਨ ‘ਚ ਮੱਦਦ ਕਿਉਂ ਨਹੀਂ ਕਰਦੇ?

ਭਾਰਤ ਦੀ ਨਵੀਂ ਰਾਸ਼ਟਰਪਤੀ ਨੇ ਬੜੀ ਸਹੀ ਗੱਲ ਆਖੀ ਹੈ ਕਿ ਗ਼ਰੀਬ ਵੀ ਹੁਣ ਅਪਣੇ ਸੁਪਨੇ ਸਾਕਾਰ ਕਰ ਸਕਦੇ ਹਨ। ਭਾਰਤ ਦੇ ਵਿਕਾਸ ਦੀ ਕਹਾਣੀ ਅੱਜ ਗ਼ਰੀਬਾਂ ਨੇ ਹੀ ਅਪਣੇ ਸੁਪਨੇ ਪੂਰੇ ਕਰ ਕੇ ਰਚੀ ਹੈ। ਜੇ ਅਸੀ ਸੰਵਿਧਾਨ ਦੀ ਰਚਨਾ ਪਿੱਛੇ ਬਾਬਾ ਸਾਹਿਬ ਜਾਂ ਹੋਰ ਗ਼ਰੀਬ ਆਜ਼ਾਦੀ ਘੁਲਾਟੀਆਂ ਵਲ ਵੇਖੀਏ ਤਾਂ ਦ੍ਰੌਪਦੀ ਮੁਰਮੂ ਵਿਚ ਵੀ ਉਹੀ ਖ਼ੂਨ ਵੇਖਿਆ ਜਾ ਸਕਦਾ ਹੈ। ਜੇ ਆਜ਼ਾਦੀ ਲੈਣ ਦੀ ਜ਼ਿੰਮੇਵਾਰੀ ਸਾਡੀ ਭਾਰਤੀ ਅਫ਼ਸਰਸ਼ਾਹੀ ਜਾਂ ਰਾਜਿਆਂ ਦੇ ਹਵਾਲੇ ਛੱਡ ਦਿਤੀ ਹੁੰਦੀ ਤਾਂ ਉਹ ਕਦੇ ਨਾ ਮਿਲਦੀ ਬਲਕਿ ਅੱਜ ਵੀ ਅਸੀ ਗ਼ੁਲਾਮ ਹੁੰਦੇ।

ਉਨ੍ਹਾਂ ਅਮੀਰਾਂ ਨੇ ਤਾਂ ਜਨਰਲ ਡਾਇਰ ਵਲੋਂ ਜਲਿਆਂਵਾਲੇ ਬਾਗ਼ ਵਿਚ ਗੋਲੀਆਂ ਚਲਾਉਣ ਤੋਂ ਬਾਅਦ ਉਨ੍ਹਾਂ ਨੂੰ ਦਾਵਤਾਂ ਦਿਤੀਆਂ ਤੇ ਸਿਰੋਪਾਉ ਵੀ ਦਿਤੇ। ਪਰ ਆਜ਼ਾਦੀ ਦਾ ਸੁਪਨਾ ਗ਼ਰੀਬਾਂ ਦੇ ਦਿਲ ਵਿਚ ਸੀ ਜਿਸ ਕਾਰਨ ਦੇਸ਼ ਵਿਚ ਆਜ਼ਾਦੀ ਤੇ ਵਿਕਾਸ ਆਇਆ। ਅਡਾਨੀ, ਮੁਕੇਸ਼ ਅੰਬਾਨੀ ਦੇ ਪਿਤਾ ਤਾਂ ਗ਼ਰੀਬ ਹੀ ਸਨ ਤੇ ਉਨ੍ਹਾਂ ਵਲੋਂ ਕੀਤੀ ਮਿਹਨਤ ਦੀ ਬੁਨਿਆਦ ਤੇ ਅੱਜ ਮੁਕੇਸ਼ ਅੰਬਾਨੀ ਦੁਨੀਆਂ ਦੇ ਸੱਭ ਤੋਂ ਵੱਡੇ ਚੌਥੇ ਅਮੀਰ ਬਣ ਚੁੱਕੇ ਹਨ। ਇਸ ਤਰ੍ਹਾਂ ਦੀਆਂ ਕਹਾਣੀਆਂ ਬਿਆਨ ਕਰਨ ਵਾਲੇ ਲੋਕ ਹਰ ਖੇਤਰ ਵਿਚ ਮਿਲ ਜਾਂਦੇ ਹਨ।

ਪਰ ਮੁਸ਼ਕਲ ਇਹ ਹੈ ਕਿ ਗ਼ਰੀਬ, ਦਬੇ ਕੁਚਲੇ, ਪਛੜੀਆਂ ਜਾਤੀਆਂ ਵਾਲੇ ਮਰਦ ਤੇ ਔਰਤਾਂ, ਸੱਭ ਸੁਪਨੇ ਵੇਖ ਕੇ ਅੱਗੇ ਤਾਂ ਆ ਜਾਂਦੇ ਹਨ ਪਰ ਉਸ ਤੋਂ ਬਾਅਦ ਆਪ ਜਿਸ ਥਾਂ ਤੋਂ ਉਠ ਕੇ ਆਏ ਹਨ, ਉਸ ਨੂੰ ਭੁਲਾ ਦੇਂਦੇ ਹਨ। ਰਾਸ਼ਟਰਪਤੀ ਬਣਨ ਤੋਂ ਪਹਿਲਾਂ ਦ੍ਰੌਪਦੀ ਮੁਰਮੂ ਉੜੀਸਾ ਦੇ ਮੰਤਰੀ ਤੇ ਗਵਰਨਰ ਵੀ ਰਹਿ ਚੁੱਕੇ ਹਨ ਪਰ ਜਿਸ ਆਦੀਵਾਸੀ ਪਿੰਡ ਵਿਚੋਂ ਉਹ ਆਏ ਹਨ, ਉਸ ਵਿਚ ਅੱਜ ਤਕ ਬੱਚਿਆਂ ਵਾਸਤੇ ਉੱਚ ਸਿਖਿਆ ਦਾ ਜਾਂ 8ਵੀਂ ਦਾ ਸਕੂਲ ਵੀ ਨਹੀਂ ਹੈ। ਮੁਕੇਸ਼ ਅੰਬਾਨੀ ਭਾਵੇਂ ਦੁਨੀਆਂ ਦਾ ਚੌਥਾ ਅਮੀਰ ਇਨਸਾਨ ਹੋਵੇਗਾ ਪਰ ਉਸ ਦਾ ਦਿਲ ਸੱਭ ਤੋਂ ਜ਼ਿਆਦਾ ਗ਼ਰੀਬ ਹੈ। ਜਦ ਮਹਾਂਮਾਰੀ ਦੌਰਾਨ ਅੰਬਾਨੀ ਪ੍ਰਵਾਰ ਵਲੋਂ ਯੋਗਦਾਨ ਨਾ ਕਰਨ ਦੀ ਆਲੋਚਨਾ ਹੋਈ ਤਾਂ ਉਨ੍ਹਾਂ ਕੁੱਝ ਦਾਨ ਕਰ ਦਿਤਾ ਪਰ ਉਸ ਤੋਂ ਵੱਧ ਤਾਂ ਸ਼ਾਇਦ ਉਸ ਦੇ ਪ੍ਰਚਾਰ ਉਤੇ ਖ਼ਰਚ ਦਿਤਾ। 75 ਸਾਲਾਂ ਤੋਂ ਪਛੜੀਆਂ ਜਾਤੀਆਂ ਵਾਸਤੇ ਰਾਖਵਾਂਕਰਨ ਲਾਗੂ ਹੈ ਪਰ ਕੀ 75 ਸਾਲਾਂ ਬਾਅਦ ਵੀ ਪਛੜੀਆਂ ਜਾਤੀਆਂ ਸਾਰੇ ਸਮਾਜ ਦੇ ਬਰਾਬਰ ਆ ਚੁਕੀਆਂ ਹਨ?ਗ਼ਰੀਬ ਦਾ ਸੁਪਨਾ ਸਾਕਾਰ ਹੋਣ ਦੀ ਪ੍ਰਥਾ ਹਮੇਸ਼ਾ ਤੋਂ ਹੀ ਚਲੀ ਆ ਰਹੀ ਹੈ ਪਰ ਸਾਡੇ ਸਮਾਜ ਵਿਚ ਇਕ ਕਮਜ਼ੋਰੀ ਹੈ ਜਿਸ ਸਦਕਾ ਅਪਣੇ ਸੁਪਨੇ ਪੂਰੇ ਕਰ ਲੈਣ ਮਗਰੋਂ ਅਪਣੇ ਵਰਗੇ ਕਿਸੇ ਦੂਜੇ ਦੀ ਮਦਦ ਕਰਨ ਦੀ ਗੱਲ ਸੋਚੀ ਵੀ ਨਹੀਂ ਜਾਂਦੀ। ਹਰਿਆਣਾ ਵਿਚ 15 ਕਰੋੜ ਦਾ ਘਪਲਾ ਸਾਹਮਣੇ ਆਇਆ ਹੈ ਜਿਥੇ ਐਸ.ਸੀ/ਐਸ. ਆਈ. ਬੱਚਿਆਂ ਲਈ ਸਰਕਾਰ ਨੇ ਸਿਖਿਆ ਵਿਚ ਮਦਦ ਦੇਣ ਵਾਸਤੇ ਇਹ ਪੈਸਾ ਰਖਿਆ ਸੀ। ਚੰਡੀਗੜ੍ਹ ਵਿਚ ਇਕ ਆਰ.ਟੀ.ਆਈ. ਨੇ ਭੇਤ ਖੋਲ੍ਹਿਆ ਕਿ ਅਫ਼ਸਰ ਪੈਰਿਸ ਵਿਚ ਇਕ ਸੰਮੇਲਨ ਲਈ ਗਏ ਸਨ ਪਰ ਛੇ ਦਿਨਾਂ ਵਿਚ ਹੀ 25 ਲੱਖ ਰੁਪਏ ਖ਼ਰਚ ਆਏ। ਵਿਦੇਸ਼ਾਂ ਵਿਚ ਸਿਖਣ ਦੇ ਨਾਮ ਤੇ ਜਾਨ ਅਤੇ ਪੈਸੇ ਦੀ ਦੁਰਵਰਤੋਂ ਤੇ ਗ਼ਬਨ ਸਿਰਫ਼ ਚੰਡੀਗੜ੍ਹ ਦੀ ਅਫ਼ਸਰਸ਼ਾਹੀ ਦਾ ਹੀ ਖ਼ਾਸਾ ਨਹੀਂ ਬਲਕਿ ਸਾਰੇ ਦੇਸ਼ ਵਿਚ ਇਹੀ ਹਾਲ ਹੈ ਜਿਸ ਵਿਚ ਗ਼ੈਰ-ਸਰਕਾਰੀ ਨਾਗਰਿਕ ਵੀ ਸ਼ਾਮਲ ਹਨ।

ਅੱਜ ਪੰਜਾਬ ਵਿਚ ਸਰਕਾਰ ਵਲੋਂ ਇਮਾਨਦਾਰ ਸਰਕਾਰ ਦੇਣ ਦੀ ਕੋਸ਼ਿਸ਼ ਚਲ ਰਹੀ ਹੈ। ਪਰ ਭ੍ਰਿਸ਼ਟਾਚਾਰ ਤੇ ਕੋਈ ਰੋਕ ਨਹੀਂ ਕਿਉਂਕਿ ਅਸੀ ਆਪ ਰਿਸ਼ਵਤ ਦੇ ਕੇ ਜਲਦੀ ਕੰਮ ਕਰਵਾਉਣਾ ਚੁਣਦੇ ਹਾਂ। ਜਿਥੇ ਪੈਸਾ ਤੇ ਤਾਕਤ ਆ ਜਾਂਦੀ ਹੈ, ਭਾਰਤੀ ਕਿਰਦਾਰ ਅਪਣੇ ਸਮਾਜ, ਅਪਣੀ ਬੁਨਿਆਦ, ਅਪਣੀ ਨੌਕਰੀ ਪ੍ਰਤੀ ਇਮਾਨਦਾਰੀ ਛੱਡ ਦੇਂਦੇ ਹਨ। ਜੇ ਅਸੀ ਅਪਣੇ ਦੇਸ਼ ਨੂੰ ਅਸਲ ਤਾਕਤ ਬਣਾਉਣਾ ਹੈ ਤਾਂ ਸਾਨੂੰ ਸਿਰਫ਼ ਸੁਪਨੇ ਸਾਕਾਰ ਕਰਨ ਦੀ ਤਾਕਤ ਹੀ ਨਹੀਂ ਪੈਦਾ ਕਰਨੀ ਚਾਹੀਦੀ ਬਲਕਿ ਅਪਣੇ ਕਿਰਦਾਰ ਵਿਚ ਇਕ ਜ਼ਿੰਮੇਵਾਰੀ ਤੇ ਇਮਾਨਦਾਰੀ ਦਾ ਬੀਜ ਵੀ ਬੀਜਣਾ ਚਾਹੀਦਾ ਹੈ।ਅਸੀ ਇਮਾਨਦਾਰੀ ਦੂਜੇ ਤੋਂ ਮੰਗਦੇ ਹਾਂ - ਸਾਡੀ ਸਰਕਾਰ ਇਮਾਨਦਾਰ ਹੋਵੇ, ਸਾਡੀ ਪੁਲਿਸ ਇਮਾਨਦਾਰ ਹੋਵੇ ਪਰ ਕੀ ਅਸੀ ਆਪ ਇਮਾਨਦਾਰ ਹਾਂ? ਕੀ ਅਸੀ ਅਪਣੇ ਸਮਾਜ ਪ੍ਰਤੀ ਜ਼ਿੰਮੇਵਾਰ ਹਾਂ? ਇਸ ਧਰਤੀ ਨੇ ਸਾਨੂੰ ਸੱਭ ਕੁੱਝ ਦਿਤਾ ਪਰ ਅਸੀ ਵਾਪਸ ਕੀ ਦਿਤਾ? ਜਿਸ ਸੰਵਿਧਾਨ ਨੇ ਸਾਨੂੰ ਆਜ਼ਾਦੀ ਦਿਤੀ, ਸੁਪਨੇ ਸਾਕਾਰ ਕਰਨ ਦਾ ਮਾਹੌਲ ਦਿਤਾ, ਕੀ ਅਸੀ ਉਸ ਪ੍ਰਤੀ ਜ਼ਿੰਮੇਵਾਰੀ ਨਿਭਾ ਰਹੇ ਹਾਂ?

-- ਨਿਮਰਤ ਕੌਰ

## (ਮੁੱਖ ਪੰਨੇ ਦੀ ਬਾਕੀ)

ਇਸ ਕੰਮ ਤੇ ਨਾਮਣਾ ਖੱਟਿਆ।1969 ਵਿਚ ਉਹ ਕੈਨੇਡਾ ਪਹੁੰਚ ਗਏ।ਉਸ ਵੇਲੇ ਕੈਨੇਡਾ ਅਤੇ ਖਾਸ ਕਰ ਬ੍ਰਿਟਿਸ਼ ਕੋਲੰਬੀਆ ਵਿਚ ਨੌਕਰੀਆਂ ਜਿਆਦਾ ਤਰ ਲਕੜੀ ਦੀਆਂ ਮਿਲ੍ਹਾਂ ਵਿਚ ਕੁਝ ਅਸਾਨੀ ਨਾਲ ਮਿਲ ਜਾਂਦੀਆ ਸਨ। ਚੈਨ ਬਾਠ ਨੂੰ ਇਥੇ ਪਹਿਲੀ ਨੌਕਰੀ ਗੋਲਡਨ ਨੇੜਲੇ ਟਾਊਨ ਡੋਨਾਲਡ ਵਿਚ ਮਿਲੀ ਸੀ। ਪਰ ਇਥੇ ਓਹਨਾਂ ਸਿਰਫ ਦੋ ਹਫਤੇ ਹੀ ਕੰਮ ਕੀਤਾ ਅਤੇ ਵੈਨਕੋਵਰ ਆ ਗਏ।ਇਥੇ ਉਹਨਾਂ ਨੇ ਰਿਚਮੰਡ ਵਿਖੇ ਇਕ ਬੈਰੀ ਫਾਰਮ ਖਰੀਦ ਲਈ ਅਤੇ ਸੈਟਲ ਹੋ ਗਏ।ਇਥੇ ਉਹਨਾਂ ਲੰਬਰ ਇੰਡਸਟਰੀ ਵਿਚ ਹੋਰ ਚਾਰ ਸਾਲ ਆਪਣਾ ਯੋਗਦਾਨ ਪਾਇਆ। ਮਿਲ੍ਹ ਵਿਚ ਕੰਮ ਕਰਨ ਦੇ ਨਾਲ ਉਹਨਾਂ ਫਸਟ ਏਡ ਦਾ ਕੋਰਸ ਭੀ ਕਰ ਲਿਆ। ਉਸ ਵੇਲੇ ਮੈਟਰੋ ਵੈਨਕੋਵਰ ਵਿਖੇ ਬੀ.ਸੀ. ਐਂਬੂਲੈਂਸ ਸਰਵਿਸ ਨੂੰ ਪੈਰਾਮੈਡਿਕਸ ਦੀ ਬਹੁਤ ਲੋੜ ਸੀ। ਹੁਣ ਤਕ ਇਸ ਕਿੱਤੇ ਵਿਚ ਸਾਊਥ ਏਸ਼ੀਅਨ ਕਮਿਊਨਿਟੀ ਵਿੱ ਚਇਸ ਖੇਤਰ ਵਿਚ ਕੰਮ ਕਰਨ ਦਾ ਕੋਈ ਖਾਸ ਸ਼ੌਕ ਨਹੀਂ ਸੀ।ਪਰੰਤੂ ਚੈਨ ਸਿੰਘ ਬਾਠ ਲਈ ਇਸ ਲਾਈਨ ਵਿਚ ਜਾਣ ਦੀ ਲਗਨ ਸੀ।ਉਹਨਾਂ ਦਾ ਫਸਟ ਏਡ ਦਾ ਕੀਤਾ ਕੋਰਸ ਉਹਨਾਂ ਦੇ ਅਗਲੇ ਕੰਮ ਲਈ ਬਹੁਤ ਸਹਾਈ ਬਣਿਆ। ਛੇਤੀ ਹੀ ਉਹ ਬੀ.ਸੀ.. ਐਂਬੂਲੈਂਸ ਸਰਵਿਸ ਦੀ ਰਿਚਮੰਡ ਇਕਾਈ ਵਿੱਚ ਇੱਕ ਪੈਰਾਮੈਡਿਕ ਵਜੋਂ ਚੁਣੇ ਗਏ। ਚੈਨ ਸਿੰਘ ਬਾਠ ਸਾਡੀ ਕਮਿਊਨਿਟੀ ਦੇ ਪਹਿਲੇ ਵਿਅਕਤੀ ਸਨ ਜੋ ਰਿਚਮੰਡ ਵਿਚ ਪੈਰਾਮੈਡਿਕ ਬਣੇ। ਉਹਨਾਂ ਨੇ 22 ਸਾਲ ਇਕ ਪੈਰਾਮੈਡਿਕ ਵਜੋਂ ਬਹੁਤ ਹੀ ਮਿਹਨਤ, ਲਗਨ ਅਤੇ ਪਿਆਰ ਭਾਵਨਾਂ ਨਾਲ ਕੰਮ ਕੀਤਾ। ਇਸ ਲਈ ਉਹਨਾਂ ਨੂੰ ਕਾਫੀ ਸਨਮਾਨ ਭੀ ਮਿਲੇ।ਬਾਠ ਹੁਰਾਂ ਦੇ ਸਾਥੀ ਭੀ ਉਹਨਾਂ ਦੇ ਕੰਮ ਅਤੇ ਲਗਨ ਦੀ ਹਾਲੇ ਭੀ ਬਹੁਤ ਸ਼ਲਾਘਾ ਕਰਦੇ ਹਨ।ਇਕ ਸਤਿਕਾਰਯੋਗ ਰਿਟਾਇਰਡ ਪੈਰਾਮੈਡਿਕ ਹੋਣ ਦੇ ਨਾਲ ਹੀ ਚੈਨ ਸਿੰਘ ਬਾਠ ਤਕਰੀਬਨ 35 ਸਾਲ ਤੋਂ ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਰਿਚਮੰਡ ਵਿਖੇ ਸੇਵਾ ਕਰ ਰਹੇ ਹਨ। ਇਸ ਪੱਖੋਂ ਉਹਨਾਂ ਨੇ ਪ੍ਰਬੰਧਕ ਕਮੇਟੀ ਦੇ ਵੱਖਰੇ ਵੱਖਰੇ ਔਹਦਿਆਂ ਤੇ ਰਹਿ ਕੇ ਸੇਵਾ ਕੀਤੀ ਹੈ।

ਹੁਣ ਭੀ ਉਹ ਇਸ ਗੁਰੂ ਘਰ ਵਿਖੇ ਸਵੇਰ ਤੋਂ ਸ਼ਾਮ ਤਕ ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਸੇਵਾ ਕਰਦੇ ਹਨ।ਗੁਰਦਵਾਰਾ ਸਾਹਿਬ ਵਿਖੇ ਸੇਫਟੀ ਅਤੇ ਸਿਹਤ ਨਾਲ ਸਬੰਧਤ ਮਾਮਲਿਆਂ ਤੇ ਉਹ ਹਮੇਸ਼ਾ ਪੂਰਾ ਖਿਆਲ ਰਖਦੇ ਹਨ।ਸਾਡੇ ਸਭ ਲਈ ਚੈਨ ਸਿੰਘ ਬਾਠ ਇਕ ਬਹੁਤ ਹੀ ਆਦਰਸ਼ ਰੋਲ ਮੌਡਲ ਹਨ। ਇਹਨਾਂ ਦੀਆਂ ਅਣਥਕ ਸੇਵਾਵਾਂ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਉਹਨਾਂ ਦੀ ਬਹੁਤ ਧੰਨਵਾਦੀ ਹੈ।ਅਸੀਂ ਹਰ ਵੇਲੇ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

**-ਬਲਵੰਤ ਸਿੰਘ ਸੰਘੇੜਾ:ਜਨਰਲ ਸਕੱਤਰ,**
**ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ,**
**8600 #5 ਰੋਡ ,ਰਿਚਮੰਡ,ਬੀ.ਸੀ. ਕੈਨੇਡਾ**







# ਅਮਰੀਕੀ ਡਰੋਨ ਹਮਲੇ ‘ਚ ਮਾਰਿਆ ਗਿਆ ਅਲ-ਕਾਇਦਾ ਮੁਖੀ ਅਲ-ਜ਼ਵਾਹਿਰੀ, ਬਿਡੇਨ ਨੇ ਕਿਹਾ ‘ਹੁਣ ਹੋਇਆ ਇਨਸਾਫ’

ਅਮਰੀਕਾ ਨੇ ਇੱਕ ਵਾਰ ਫਿਰ ਅੱਤਵਾਦ ਖਿਲਾਫ ਵੱਡਾ ਹਮਲਾ ਕੀਤਾ ਹੈ। ਅਮਰੀਕਾ ਨੇ ਅਫਗਾਨਿਸਤਾਨ ‘ਚ ਅੱਤਵਾਦ ਵਿਰੋਧੀ ਮੁਹਿੰਮ ਦੇ ਹਿੱਸੇ ਵਜੋਂ ਗੁਪਤ ਆਪ੍ਰੇਸ਼ਨ ‘ਚ ਐਤਵਾਰ ਸਵੇਰੇ ਇਕ ਹਵਾਈ ਹਮਲੇ ‘ਚ ਅਲ-ਕਾਇਦਾ ਦੇ ਮੁਖੀ ਅਯਮਨ ਅਲ-ਜ਼ਵਾਹਿਰੀ ਨੂੰ 6:18 ਮਿੰਟ ‘ਤੇ ਮਾਰ ਦਿੱਤਾ। ਰਾਸ਼ਟਰਪਤੀ ਜੋਅ ਬਿਡੇਨ ਨੇ ਖੁਦ ਇਸ ਦੀ ਪੁਸ਼ਟੀ ਕੀਤੀ ਹੈ।

ਅਲ-ਜ਼ਵਾਹਿਰੀ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਸੀਆਈਏ ਦੁਆਰਾ ਕੀਤੇ ਗਏ ਡਰੋਨ ਹਮਲੇ ਵਿੱਚ ਮਾਰਿਆ ਗਿਆ ਸੀ। ਐਫਬੀਆਈ ਵੱਲੋਂ ਮੋਸਟ ਵਾਂਟੇਡ ਲਿਸਟ ਜਾਰੀ ਕੀਤੀ ਗਈ ਹੈ। ਇਸ ਵਿੱਚ ਅਲ-ਜ਼ਵਾਹਿਰੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਹੈ।

ਅਲ-ਜ਼ਵਾਹਿਰੀ ਦੀ ਮੌਤ ਦੀ ਖ਼ਬਰ ਸਾਹਮਣੇ ਆਉਣ ਤੋਂ ਦੋ ਦਿਨ ਬਾਅਦ, ਯੂਐਸ ਦੇ ਰਾਸ਼ਟਰਪਤੀ ਜੋ ਬਿਡੇਨ ਨੇ ਕਿਹਾ ਕਿ ਅਲ-ਕਾਇਦਾ ਦੇ ਨੇਤਾ ਨੇ “ਅਮਰੀਕੀ ਨਾਗਰਿਕਾਂ ਵਿਰੁੱਧ ਕਤਲ ਅਤੇ ਹਿੰਸਾ ਦਾ ਰਾਹ ਤਿਆਰ ਕੀਤਾ ਸੀ”। ਉਸਨੇ ਕਿਹਾ, “ਹੁਣ ਨਿਆਂ ਮਿਲ ਗਿਆ ਹੈ ਅਤੇ ਇਹ ਅੱਤਵਾਦੀ ਨੇਤਾ ਨਹੀਂ ਰਿਹਾ,”। ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਜਵਾਹਿਰੀ ਇਕ ਸੁਰੱਖਿਅਤ ਘਰ ਦੀ ਬਾਲਕੋਨੀ ਵਿਚ ਸੀ, ਜਦੋਂ ਡਰੋਨ ਨੇ ਉਸ ‘ਤੇ ਦੋ ਮਿਜ਼ਾਈਲਾਂ ਦਾਗੀਆਂ। ਉਨ੍ਹਾਂ ਕਿਹਾ ਕਿ ਪਰਿਵਾਰ ਦੇ ਹੋਰ ਮੈਂਬਰ ਮੌਕੇ ‘ਤੇ ਮੌਜੂਦ ਸਨ, ਪਰ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਅਤੇ ਸਿਰਫ ਜਵਾਹਿਰੀ ਮਾਰਿਆ ਗਿਆ।


*ਬੇਰੀ ਪਿੱਕਰਾਂ ਦੀ ਲੋੜ*

ਬੇਰੀ ਤੋੜਨ ਦਾ ਕੰਮ 1 ਜੂਨ ਤੋਂ ਸ਼ੁਰੂ ਹੋਵੇਗਾ। ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇਗਾ। ਬੇਰੀ ਵਧੀਆ ਅਤੇ ਮੋਟੀ ਹੈ। ਵਧੀਆ ਤਨਖਾਹ ਅਤੇ ਘਰ ਵਰਗਾ ਮਾਹੌਲ। ਸਰੀਂ, ਡੈਲਟਾ, ਕਲੋਵਰਡੇਲ, ਐਬਟਸਫੋਰਡ ਤੋਂ ਘਰੋਂ ਚੁੱਕਣ ਅਤੇ ਛੱਡਣ ਦਾ ਪ੍ਰਬੰਧ। ਅਮਰੀਕਾ, ਕੈਲਗਰੀ, ਟਰਾਂਟੋ, ਵਿਨੀਪੈਗ ਤੋਂ ਆਉਣ ਵਾਲੇ ਵਰਕਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

ਕਲਾਸ 4 ਅਤੇ 5 ਵੈਨ ਡਰਾਈਵਰਾਂ ਦੀ ਵੀ ਲੋੜ ਹੈ

ਹੈਪੀ ਧਾਲੀਵਾਲ

604-614-1680

ਫਾਰਮ ਓਨਰ/ਗ੍ਰੀਨ ਹਾਊਸ/ਨਰਸਰੀ ਮਾਲਕ ਲੇਬਰ ਸਪਲਾਈ ਲਈ ਸੰਪਰਕ ਕਰ ਸਕਦੇ ਹੋ

0523

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY

H.M.S. Accounting & Tax Services Ltd.

hmsaccounting@gmail.com



Over 35 Yrs Experience
Expert in Quickbook Training

WCB, PST, GST, Personal & Corporate Taxes & Registration of sole proprietorship and new corporate companies

ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:

Contact us for Resume Making, EI Internet filing, Passport Applications, PR cards and all other type of applications.

ਅਸੀਂ ਪਰਨਸਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ

Personal Tax e-filing for just $25

Call Manvir Singh

604-360-7241

#106-12414-82 Ave Surrey

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਨਪੋਟੈਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ




Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਪੰਜਾਬ ਸਰਕਾਰ ਦਾ ਵੱਡਾ ਦਾਅਵਾ:ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਨੇ ਦੱਬੀ ਪੰਚਾਇਤੀ ਜ਼ਮੀਨ?

ਚੰਡੀਗੜ੍ਹ- ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਲੰਘੀ 22 ਜੁਲਾਈ 2022 ਨੂੰ ਇੱਕ ਪੱਤਰ ਜਾਰੀ ਕਰਕੇ, ਜਲੰਧਰ ਦੇ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਲਿਖਿਆ ਕਿ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਵਲੋਂ ਮਿਤੀ 3 ਜੂਨ 2022 ਨੂੰ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਅਧੀਨ ਆਉਂਦੀ ਪੰਚਾਇਤੀ ਜ਼ਮੀਨ ਛੁਡਾਉਣ ਸਬੰਧੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਜਲੰਧਰ ਦੇ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਵਿਭਾਗ ਨੇ ਕਿਹਾ ਕਿ, 3 ਜੂਨ ਤੋਂ ਹੁਣ ਤੱਕ ਕੀ ਕਾਰਵਾਈ ਕੀਤੀ ਅਤੇ ਹੁਣ ਤੱਕ ਹੋਈ ਪ੍ਰਗਤੀ ਬਾਰੇ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਸ ਸਬੰਧੀ ਜਲਦ ਤੋਂ ਜਲਦ ਕਾਰਵਾਈ ਮੁਕੰਮਲ ਕੀਤੀ ਜਾਵੇ। ਪੰਜਾਬ ਸਰਕਾਰ ਦੇ ਇਸ ਪੱਤਰ ਮੁਤਾਬਿਕ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਨੇ ਪੰਚਾਇਤੀ ਜ਼ਮੀਨ ਦੱਬੀ ਹੋਈ ਹੈ।ਦੂਜੇ ਪਾਸੇ, ਮੀਡੀਆ ਨੂੰ ਦਿੱਤੇ ਸਪੱਸ਼ਟੀਕਰਨ ਦੇ 'ਚ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਨੇ ਕਿਹਾ ਹੈ ਕਿ ਪਿੰਡ ਹਰਦਾਸਪੁਰ ਦੀ 6 ਕਨਾਲ 19 ਮਰਲਾ ਜ਼ਮੀਨ ਜੋ ਸਾਡੇ ਕਬਜ਼ੇ ਹੇਠ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉਹ ਸਾਡੇ ਕਬਜ਼ੇ ਹੇਠ ਕਦੇ ਵੀ ਨਹੀਂ ਰਹੀ।ਬਿਆਨ ਵਿਚ ਨੇ ਦੱਸਿਆ ਗਿਆ ਕਿ ਇਹ ਜ਼ਮੀਨ ਸੰਨ 1933 ਤੋਂ ਗੁਰਦੁਆਰਾ ਸਿੰਘ ਸਭਾ ਪਿੰਡ ਹਰਦਾਸਪੁਰ ਦੀ ਹੈ ਤੇ ਸਰਕਾਰੀ ਰਿਕਾਰਡ ਵਿਚ ਵੀ ਇਹ ਦਰਜ ਹੈ ਤੇ ਇਸਦਾ ਕਬਜ਼ਾ ਵੀ ਗੁਰਦੁਆਰਾ ਸਿੰਘ ਸਭਾ ਹਰਦਾਸਪੁਰ ਕੋਲ ਹੈ। ਯੂਨੀਵਰਸਿਟੀ ਨੇ ਸਪਸ਼ਟ ਕੀਤਾ ਕਿ ਉਸ ਕੋਲ ਜ਼ਮੀਨ ਦਾ ਕਬਜ਼ਾ ਹੋਣ ਦੇ ਦੋਸ਼ ਬੇਬੁਨਿਆਦ ਹਨ।


The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC

T&S Transportation
Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

Valley Agro Ltd.
604-591-8594
#207a-8556 120 Street, Surrey, BC
ਸਾਨੂੰ ਵੈਨਕੂਵਰ, ਰਿਚਮੰਡ, ਸਰੀ-ਡੈਲਟਾ, ਨਿਊਵੈਸਟ ਤੇ ਬਰਨਬੀ ਤੋਂ
ਬਲਿਊ ਬੇਰੀ ਪਿਕਰਾਂ ਦੀ ਲੋੜ

ਸਾਡੇ ਕੋਲ ਬਲਿਊਬੇਰੀ ਅਤੇ ਸਿਆਲੂ ਬੇਰੀ ਦਾ ਕੰਮ ਵੀ ਹੈ।
ਤੁਹਾਡੀ ਤੋੜੀ ਹੋਈ ਬਲਿਊਬੇਰੀ ਪੂਰੀ ਇਮਾਨਦਾਰੀ ਨਾਲ ਜੋਖੀ ਜਾਵੇਗੀ।
- ਘਰੋਂ ਲਿਜਾਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ।
- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਹਰ ਦੋ ਹਫ਼ਤੇ ਬਾਅਦ ਦਿੱਤੀ ਜਾਵੇਗੀ।
ਬੇਰੀ ਤੋੜਨ ਦਾ ਕੰਮ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋਵੇਗਾ।
ਟਰੱਕ ਡਰਾਈਵਰਾਂ ਦੀ ਲੋੜ
ਸਾਨੂੰ ਟਰੱਕ ਡਰਾਈਵਰ ਬੇਰੀ ਕੈਨਰੀ ਵਿੱਚ ਲੈ ਕੇ ਜਾਣ ਲਈ ਚਾਹੀਦੇ ਹਨ।
ਜਿਨ੍ਹਾਂ ਕੋਲ ਕਲਾਸ 1 ਜਾਂ ਕਲਾਸ 5 ਲਾਇਸੈਂਸ (With Air Brakes) ਹੋਵੇ।
ਮਿੰਨੀ ਬੱਸ ਜਾਂ ਵੈਨ ਡਰਾਈਵਰਾਂ ਦੀ ਵੀ ਲੋੜ
ਜਿਨ੍ਹਾਂ ਕੋਲ ਕਲਾਸ 4 ਲਾਇਸੈਂਸ (Unrestricted) ਹੋਵੇ।
ਮੌਜੂਦਾ ਹਾਲਾਤਾ ਨੂੰ ਦੇਖਦਿਆਂ ਸਿਹਤ ਸਬੰਧੀ ਸਰਕਾਰੀ ਹਦਾਇਤਾਂ ਦਾ ਪਾਲਣ ਕੀਤਾ ਜਾਵੇਗਾ।
ਮੌਕਾ ਹੱਥੋਂ ਨਾ ਗਵਾਓ ਅੱਜ ਹੀ ਫੋਨ ਕਰੋ।
ਸ੍ਰ. ਸੁਰਜੀਤ ਸਿੰਘ ਰੰਧਾਵਾ
604-325-7072 ਜਾਂ 604-591-8594
ਜਾਂ ਈ-ਮੇਲ ਕਰੋ : vagro@telus.net

# ਸ੍ਰੀ ਦਰਬਾਰ ਸਾਹਿਬ ਦੀਆਂ ਸਰਾਵਾਂ ‘ਤੇ ਕੇਂਦਰ ਸਰਕਾਰ ਨੇ ਲਗਾਇਆ ਜੀਐਸਟੀ

## *ਸਰਾਂ ਸਾਰਾਗੜ੍ਹੀ ਨਿਵਾਸ ‘ਤੇ ਲੱਗਿਆ ਕਰੀਬ 2 ਕਰੋੜ ਟੈਕਸ ਤੇ ਜੁਰਮਾਨਾ*

ਅੰਮ੍ਰਿਤਸਰ:ਕੇਂਦਰ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਦੀਆਂ ਸਰਾਵਾਂ ‘ਤੇ ਜੀਐਸਟੀ ਸ਼ਰਤ ਲਾਗੂ ਕਰ ਦਿਤੀ ਹੈ ਅਤੇ ਇਸ ਦਾ ਸਿਧ ਅਸਰ ਸ਼ਰਧਾਲੂਆਂ ‘ਤੇ ਵੀ ਪਵੇਗਾ।ਦੱਸ ਦੇਈਏ ਕਿ ਗੁਰਦੁਆਰਾ ਸਮੂਹ ਤੋਂ ਬਾਹਰ ਸਥਿਤ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਸਾਰੀਆਂ ਸਰਾਵਾਂ ’ਤੇ ਕੇਂਦਰ ਵਲੋਂ 12 ਫ਼ੀਸਦੀ ਜੀਐੱਸਟੀ ਦੀ ਸ਼ਰਤ ਲਾਗੂ ਕਰ ਦਿੱਤੀ ਗਈ ਹੈ। ਇਸ ਨਵੀਂ ਘਸ਼ਠ ਸ਼ਰਤ ਕਾਰਨ ਸ਼੍ਰੋਮਣੀ ਕਮੇਟੀ ਦੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਂ ਸਾਰਾਗੜ੍ਹੀ ਨਿਵਾਸ ’ਤੇ ਵੀ ਲਗਪਗ ਦੋ ਕਰੋੜ ਰੁਪਏ ਤੋਂ ਵੱਧ ਟੈਕਸ ਅਤੇ ਜੁਰਮਾਨਾ ਲਗਾਇਆ ਗਿਆ ਹੈ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਦਰਬਾਰ ਸਾਹਿਬ ਦੇ ਲੰਗਰ ਘਰ ਲਈ ਖਰੀਦੀਆਂ ਜਾਂਦੀਆਂ ਵਸਤਾਂ ’ਤੇ ਵੀ ਜੀਐੱਸਟੀ ਲਗਾਇਆ ਗਿਆ ਸੀ, ਜਿਸ ਨੂੰ ਹਟਾਉਣ ਲਈ ਸਿੱਖ ਸੰਸਥਾ ਨੂੰ ਲੰਮੀ ਜੱਦੋ-ਜਹਿਦ ਕਰਨੀ ਪਈ ਸੀ। ਹੁਣ ਜੁਲਾਈ ਮਹੀਨੇ ਤੋਂ ਕੇਂਦਰ ਸਰਕਾਰ ਨੇ ਗੁਰਦੁਆਰਾ ਕੰਪਲੈਕਸ ਦੇ ਘੇਰੇ ਤੋਂ ਬਾਹਰ ਬਣੀਆਂ ਸਰਾਵਾਂ ਆਦਿ ਨੂੰ ਜੀਐੱਸਟੀ ਦੇ ਘੇਰੇ ਵਿੱਚ ਲਿਆਂਦਾ ਹੈ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

DREAMVIEW KITCHEN CABINETS

DREAM VIEW KITCHEN CABINETS

WWW.DREAMVIEWKITCHEN.CA






BALWINDER BASSI - OFF: 604-590-0880 • CELL: 604-537-9151

SHOWROOM: #5 12372 84TH AVE. SURREY

F: 604.590.0881

EMAIL: DREAMVIEWKITCHEN@GMAIL.COM

TMG LOGISTICS INC.

Need Owner Operators

NOW HIRING

*Vancouver to California *California to Alberta Back Vancouver

*Vancouver to East USA Return

*Good Paying Loads*

Need Company Drivers

*Single Driver Pay 52cents/mile*

*Team Drivers 32 cents/mile*





FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਭਗਤ ਸਿੰਘ ਨਾ ਹੀ ਕਾਮਰੇਡ ਸੀ, ਨਾ ਨਾਸਤਿਕ

ਉਹ ਇਕ ਚੰਗਾ ਸਿੱਖ ਸੀ ਤੇ ਚੰਗੇ ਸਿੱਖ ਵਾਂਗ ਹੀ ਫਾਂਸੀ ’ਤੇ ਚੜ੍ਹਿਆ। ਕਮਿਊਨਿਸਟ ਉਸ ਨੂੰ ਵਰਤ ਜ਼ਰੂਰ ਗਏ ਪਰ ਉਸ ਨੂੰ ਕਾਮਰੇਡ ਨਾ ਬਣਾ ਸਕੇ। ਮੈਂ ਬੀ.ਏ. ਵਿਚ ਪੜ੍ਹਦਾ ਸੀ। ਜਿਥੇ ਮੈਂ ਖੜਾ ਹੁੰਦਾ, ਮੁੰਡਿਆਂ ਦੀ ਮਹਿਫ਼ਲ ਜੁੜ ਜਾਂਦੀ ਕਿਉਂਕਿ ਮੈਂ ਉਨ੍ਹਾਂ ਨੂੰ ਵਿਹਲੇ ਸਮੇਂ ਵਿਚ ਗੱਪਾਂ ਮਾਰਨ ਦੀ ਥਾਂ ਕਿਸੇ ਮਹੱਤਵਪੂਰਨ ਵਿਸ਼ੇ ਨੂੰ ਲੈ ਕੇ ਚਰਚਾ ਕਰਨ ਲਈ ਉਕਸਾਂਦਾ ਸੀ ਜਿਸ ਨਾਲ ਉੱਚੀ ਉੱਚੀ ਬਹਿਸ ਛਿੜ ਪੈਂਦੀ ਤੇ ਸਾਰੇ ਬੋਲਣ ਲੱਗ ਪੈਂਦੇ। ਦੂਰ-ਦੂਰ ਤਕ ਸਾਡੀ ਚਰਚਾ ਦੀ ਆਵਾਜ਼ ਪਹੁੰਚ ਜਾਂਦੀ। ਪ੍ਰਿੰਸੀਪਲ ਤਿਲਕ ਰਾਜ ਚੱਢਾ ਅਪਣੇ ਦਫ਼ਤਰ ਵਿਚੋਂ ਹੀ ਕਿਸੇ ਪ੍ਰੋਫ਼ੈਸਰ ਨੂੰ ਬਾਹਰ ਭੇਜਦੇ ਤੇ ਕਹਿੰਦੇ, ‘‘ਇਹ ਜ਼ਰੂਰ ਜੋਗਿੰਦਰ ਸਿੰਘ ਦੀ ਮਹਿਫ਼ਲ ਲੱਗੀ ਹੋਵੇਗੀ। ਜਾਉ ਉਨ੍ਹਾਂ ਨੂੰ ਕਹੋ, ਜ਼ਰਾ ਆਵਾਜ਼ ਹੌਲੀ ਕਰੋ ਜਾਂ ਪਰੇ ਜਾ ਕੇ ਮਜਮਾ ਲਗਾਉ।’’ ਪ੍ਰੋਫ਼ੈਸਰ ਸਾਹਿਬ ਮੁਸਕਰਾਉਂਦੇ ਹੋਏ ਆ ਕੇ ਸਾਡੇ ਅੱਗੇ ਹੱਥ ਜੋੜ ਦੇਂਦੇ ਤੇ ਅਸੀ ਚੁਪਚਾਪ ਉਥੋਂ ਹਟ ਜਾਂਦੇ। ਪਰ ਇਕ ਦਿਨ ਪਤਾ ਲੱਗਾ ਕਿ ਸਾਡੀ ਗਿਆਨ ਚਰਚਾ ਦੇ ਮੁਕਾਬਲੇ ਸਤੀਸ਼ ਨਾਂ ਦੇ ਇਕ ਹੋਰ ਮੁੰਡੇ ਨੇ ਵੀ ‘ਲਾਲ ਚਰਚਾ’ ਸ਼ੁਰੂ ਕਰ ਦਿਤੀ ਸੀ। ਉਹ ਮੁੰਡਾ ਦਿੱਲੀ ਤੋਂ ਸਾਡੇ ਕਾਲਜ ਵਿਚ ਵਿਦਿਆਰਥੀ ਬਣ ਕੇ ਆਇਆ ਸੀ ਪਰ ਮੁੰਡਿਆਂ ਨੂੰ ਇਕੱਠਿਆਂ ਕਰਨ, ਚੁਟਕਲਿਆਂ ਦਾ ਦੌਰ ਸ਼ੁਰੂ ਕਰਨ ਅਤੇ ਅਖ਼ੀਰ ਵਿਚ ਕਮਿਊਨਿਜ਼ਮ ਦਾ ਪ੍ਰਚਾਰ ਕਰਨ ਦੀ ਚੰਗੀ ਟਰੇਨਿੰਗ ਲੈ ਕੇ ਆਇਆ ਲਗਦਾ ਸੀ। ਕਾਫ਼ੀ ਮੁੰਡੇ ਉਸ ਨੂੰ ਸੁਣਨ ਲਈ ਇਕੱਠੇ ਹੋ ਜਾਂਦੇ ਸਨ ਤੇ ਉਸ ਦੀਆਂ ਗੱਲਾਂ ਸੁਣ ਕੇ ਪ੍ਰਭਾਵਤ ਵੀ ਹੋਣ ਲੱਗ ਪਏ ਸਨ।

ਸੋ ਸਾਡਾ ਟਾਕਰਾ ਹੋਣਾ ਐਨ ਕੁਦਰਤੀ ਹੀ ਸੀ। ਟਾਕਰਾ ਹੋ ਗਿਆ। ਮੈਂ ਉਸ ਦੀ ਇਕ-ਇਕ ਗੱਲ ਦਾ ਜਵਾਬ ਦੇਣਾ ਸ਼ੁਰੂ ਕਰ ਦਿਤਾ। ਮੈਂ ਉਸ ਨੂੰ ਉਸ ਦੇ ਅੰਦਾਜ਼ ਵਿਚ ਹੀ ਜਵਾਬ ਦਿਤਾ ਕਿ ਪੂੰਜੀਵਾਦ ਉਸ ਅਫਰੇਵੇਂ ਵਰਗਾ ਹੈ ਜੋ ਸਾਡੇ ਪਿੰਡਾਂ ਵਿਚ ਜਾਨਵਰਾਂ ਨੂੰ, ਜ਼ਿਆਦਾ ਖਾਣ ਨਾਲ ਹੋ ਜਾਂਦਾ ਹੈ। ਇਸ ਅਫਰੇਵੇਂ ਨੂੰ ਠੀਕ ਕਰਨ ਲਈ ਨਾਲ ਰਾਹੀਂ ਜ਼ਬਰਦਸਤੀ ਉਸ ਜਾਨਵਰ ਦੇ ਗਲੇ ਵਿਚ ਖੱਟਾ ਅਚਾਰ ਸੁਟਿਆ ਜਾਂਦਾ ਹੈ ਜੋ ਅਫਰੇਵੇਂ ਨੂੰ ਦੋ ਤਿੰਨ ਘੰਟਿਆਂ ਵਿਚ ਖ਼ਤਮ ਕਰ ਦੇਂਦਾ ਹੈ ਤੇ ਜਾਨਵਰ ਠੀਕ ਹੋ ਜਾਂਦਾ ਹੈ ਜਿਸ ਮਗਰੋਂ ਉਸ ਜਾਨਵਰ ਨੂੰ ਅਚਾਰ ਨਹੀਂ ਖਵਾਇਆ ਜਾਂਦਾ ਸਗੋਂ ਆਮ ਚਾਰਾ ਹੀ ਦਿਤਾ ਜਾਂਦਾ ਹੈ। ਪੂੰਜੀਵਾਦ ਦੇ ਅਫਰੇਵੇਂ ਦਾ ਐਮਰਜੈਂਸੀ ਇਲਾਜ ਕਮਿਊਨਿਜ਼ਮ ਦਾ ਅਚਾਰ ਹੈ ਜੋ ਮਾਰਕਸ ਨੇ ਲਭਿਆ ਪਰ ਮੁਸ਼ਕਲ ਇਹ ਹੈ ਕਿ ਸਤੀਸ਼ ਵਰਗੇ ਸਿਆਣੇ ਕਮਿਊਨਿਸਟ ਚਾਹੁੰਦੇ ਹਨ ਕਿ ਸਾਰੇ ਲੋਕਾਂ ਨੂੰ ਕਮਿਊਨਿਜ਼ਮ ਦਾ ਆਚਾਰ ਧੱਕੇ ਨਾਲ, ਉਨ੍ਹਾਂ ਦੇ ਗਲੇ ਵਿਚ ਨਾਲ ਅੜਾ ਕੇ, ਖੁਆਇਆ ਜਾਂਦਾ ਰਹੇ ਤੇ ਕਮਿਊਨਿਜ਼ਮ ਦੇ ਆਚਾਰ ਨੂੰ ਖਵਾਣਾ ਕਦੇ ਵੀ ਬੰਦ ਨਾ ਕੀਤਾ ਜਾਏ।

ਤੁਸੀ ਦੱਸੋ ਬਈ ਦੋਸਤੋ, ਤੁਹਾਡੇ ’ਚੋਂ ਕੌਣ ਸਦਾ ਲਈ ਕਮਿਊਨਿਜ਼ਮ ਦਾ ਅਫਾਰਾ-ਉਤਾਰੂ ਅਚਾਰ ਖਾਣਾ ਪਸੰਦ ਕਰੇਗਾ? ਸਾਰੇ ਮੁੰਡਿਆਂ ਨੇ ਇਕ ਆਵਾਜ਼ ਨਾਲ ‘‘ਕਦੇ ਨਹੀਂ’’ ਕਹਿ ਦਿਤਾ ਤੇ ਸਤੀਸ਼ ਦੀ ਕਿਰਕਿਰੀ ਹੋ ਗਈ। ਹੁਣ ਉਹ ਮੇਰੇ ਨੇੜੇ ਆਉਣੋਂ ਵੀ ਹਿਚਕਚਾਉਣ ਲੱਗ ਪਿਆ। ‘ਲਾਲ ਮਜਮਾ’ ਤਾਂ ਲਗਾਂਦਾ ਸੀ ਪਰ ਜੇ ਉਹ ਮੈਨੂੰ ਉਧਰ ਆਉਂਦਾ ਵੇਖਦਾ ਤਾਂ ਇਕਦੰਮ ਤਿੱਤਰ ਬਿੱਤਰ ਹੋ ਜਾਂਦਾ। ਮੈਨੂੰ ਉਸ ਤੇ ਤਰਸ ਆ ਗਿਆ ਤੇ ਮੈਂ ਆਪ ਜਾ ਕੇ ਉਸ ਵਲ ਦੋਸਤੀ ਦਾ ਹੱਥ ਵਧਾ ਦਿਤਾ ਤੇ ਫ਼ੈਸਲਾ ਹੋਇਆ ਕਿ ਅਸੀ ਆਪਸ ਵਿਚ ਕਦੀ ਨਹੀਂ ਉਲਝਾਂਗੇ ਅਤੇ ਦੋਸਤੀ ਬਣਾਈ ਰੱਖਾਂਗੇ। ਸੋ ਦੋਸਤੀ ਦੇ ਇਸ ਦੌਰ ਵਿਚ ਇਕ ਦਿਨ ਮੈਨੂੰ ਕਹਿਣ ਲੱਗਾ, ‘‘ਤੂੰ ਕਮਿਊਨਿਜ਼ਮ ਨੂੰ ਤਾਂ ਪਸੰਦ ਨਹੀਂ ਕਰਦਾ ਪਰ ਭਗਤ ਸਿੰਘ ਦੇ ਜਨਮ ਦਿਨ ਦੇ ਸਮਾਗਮ ਵਿਚ ਕਿਉਂ ਸ਼ਾਮਲ ਹੁੰਦਾ ਹੈਂ? ਉਹ ਵੀ ਤਾਂ ਵੱਡਾ ਕਮਿਊਨਿਸਟ ਸੀ?’’

ਮੈਂ ਕਿਹਾ, ‘‘ਮੈਨੂੰ ਤਾਂ ਨਹੀਂ ਲਗਦਾ ਕਿ ਭਗਤ ਸਿੰਘ ਕਮਿਊਨਿਸਟ ਸੀ।’’ਸਤੀਸ਼ ਹੈਰਾਨ ਜਿਹਾ ਹੋ ਕੇ ਬੋਲਿਆ, ‘‘ਫਿਰ ਕੀ ਸੀ ਉਹ?’’

ਮੈਂ ਕਿਹਾ, ‘‘ਜਿੰਨਾ ਮੈਂ ਭਗਤ ਸਿੰਘ ਨੂੰ ਜਾਣਦਾ ਹਾਂ, ਉਹ ਇਕ ਕੱਟੜ ਸਿੱਖ ਸੀ ਜੋ ਜੇਲਾਂ ਵਿਚ ਜਾ ਰਹੇ ਅਕਾਲੀ ਜੱਥਿਆਂ ਦੀ ਸੇਵਾ ਕਰਦਾ ਰਿਹਾ ਹੈ ਤੇ ਉਨ੍ਹਾਂ ਨੂੰ ਦੌੜ ਦੌੜ ਕੇ ਲੰਗਰ ਛਕਾਉਂਦਾ ਰਿਹਾ ਹੈ। ਉਹ ਨਿਜੀ ਚਿੱਠੀਆਂ ਲਿਖਣ ਲਗਿਆਂ ੴ ਸੱਭ ਤੋਂ ਉਪਰ ਲਿਖਦਾ ਰਿਹਾ ਹੈ। ਉਹ ਚਾਹੁੰਦਾ ਸੀ ਕਿ ਉਸ ਨੂੰ ਕੋਈ ਵੱਡਾ ਕੰਮ ਸੌਂਪਿਆ ਜਾਏ ਜਿਸ ਨਾਲ ਦੁਨੀਆਂ ਜਾਂ ਹਿੰਦੁਸਤਾਨ ਦੇ ਹਰ ਬੰਦੇ ਦੀ ਜ਼ਬਾਨ ਤੇ ਉਸ ਦਾ ਨਾਂ ਹੋਵੇ। ਪਰ ਸਿੱਖਾਂ (ਅਕਾਲੀਆਂ) ਨੇ ਉਸ ਦੀ ਗੱਲ ਬਿਲਕੁਲ ਨਾ ਸਮਝੀ। ਫਿਰ ਉਸ ਦਾ ਪ੍ਰਵਾਰ, ਹੋਰ ਬਹੁਤ ਸਾਰੇ ਸਿੱਖਾਂ ਵਾਂਗ ਆਰੀਆ ਸਮਾਜ ਲਹਿਰ ਤੋਂ ਪ੍ਰਭਾਵਤ ਹੋ ਗਿਆ ਤੇ ਭਗਤ ਸਿੰਘ ੴ ਦੇ ਨਾਲ ਚਿੱਠੀਆਂ ਤੇ ‘ਓਮ’ ਵੀ ਲਿਖਣ ਲੱਗ ਪਿਆ।

ਉਸ ਵੇਲੇ ਪੜ੍ਹੇ ਲਿਖੇ ਸਿੱਖ (ਖ਼ਾਸ ਤੌਰ ’ਤੇ ਲਾਹੌਰ ਦੇ ਆਸ ਪਾਸ) ਇਹੀ ਸਮਝਦੇ ਸਨ ਕਿ ਆਰੀਆ ਸਮਾਜ ਤੇ ਸਿੱਖੀ ਵਿਚ ਕੋਈ ਅੰਤਰ ਨਹੀਂ ਤੇ ਦੋਵੇਂ ਹਿੰਦੂ ਧਰਮ ਦੀਆਂ ਖ਼ਰਾਬੀਆਂ ਤੋਂ ਸਮਾਜ ਨੂੰ ਮੁਕਤ ਕਰਨ ਦਾ ਕੰਮ ਹੀ ਕਰਦੇ ਹਨ।’’ ਥੋੜਾ ਰੁਕ ਕੇ ਮੈਂ ਕਿਹਾ, ‘‘ਮੈਨੂੰ ਇਕ ਵੀ ਲਿਖਤ ਜਾਂ ਕਿਤਾਬ ਦਾ ਭਗਤ ਸਿੰਘ ਦਾ ਲਿਖਿਆ ਹੱਥ-ਲਿਖਤ ਖਰੜਾ ਵਿਖਾ ਦੇ ਜੋ ਭਗਤ ਸਿੰਘ ਨੇ ਕਦੇ ਜੇਲ ਤੋਂ ਬਾਹਰ ਰਹਿ ਕੇ ਧਰਮ ਵਿਰੁਧ ਤੇ ਮਾਰਕਸਵਾਦ ਦੇ ਹੱਕ ਵਿਚ ਲਿਖਿਆ ਹੋਵੇ। ਜੇਲ ਵਿਚ ਜਾਣ ਤੋਂ ਬਾਅਦ ਕਮਿਊਨਿਸਟ ਪਾਰਟੀ ਨੇ ਉਸ ਦੇ ਨਾਂ ਤੇ ਜੋ ਵੀ ਲਿਖਿਆ, ਉਹ ਮੈਨੂੰ ਸ਼ੱਕੀ ਲਗਦਾ ਹੈ, ਖ਼ਾਸ ਤੌਰ ’ਤੇ ਭਾਈ ਰਣਧੀਰ ਸਿੰਘ ਦੀਆਂ ‘ਜੇਲ੍ਹ ਚਿੱਠੀਆਂ’ ਪੜ੍ਹਨ ਮਗਰੋਂ ਜਿਨ੍ਹਾਂ ਵਿਚ ਦਸਿਆ ਗਿਆ ਹੈ ਕਿ ਭਗਤ ਸਿੰਘ ਨੇ ਗੱਲਬਾਤ ਵਿਚ ਇਕ ਵਾਰ ਵੀ ਮਾਰਕਸਵਾਦ ਜਾਂ ਕਮਿਊਨਿਜ਼ਮ ਬਾਰੇ ਕੋਈ ਗੱਲ ਨਾ ਕਹੀ ਤੇ ਅਖ਼ੀਰ ਵਿਚ ਕੇਸ ਕਟਵਾਉਣੇ ਬੰਦ ਕਰ ਕੇ ਪੱਕੇ ਸਿੱਖ ਵਜੋਂ ਫਾਂਸੀ ’ਤੇ ਚੜ੍ਹਨ ਦਾ ਸੰਕਲਪ ਕੀਤਾ। ਕੇਸ ਕੱਟਣ ਦਾ ਕਾਰਨ ਵੀ ਉਸ ਨੇ ਇਹ ਦਸਿਆ ਕਿ ਜੇ ਉਹ ਕੇਸ ਨਾ ਕਟਦਾ ਤਾਂ ਸਾਰੇ ਹਿੰਦੁਸਤਾਨ ਵਿਚ ਉਸ ਦਾ ਨਾਂ ਕਿਸੇ ਨੇ ਨਹੀਂ ਸੀ ਲੈਣਾ।’’ਸਤੀਸ਼ ਕੋਲ ਕੋਈ ਜਵਾਬ ਨਹੀਂ ਸੀ। ਉਸ ਨੇ ਭਾਈ ਰਣਧੀਰ ਸਿੰਘ ਦੀਆਂ ਜੇਲ੍ਹ ਚਿੱਠੀਆਂ ਪੜ੍ਹਨ ਮਗਰੋਂ ਹੋਰ ਵਾਰਤਾਲਾਪ ਕਰਨ ਦੀ ਗੱਲ ਹੀ ਕਹੀ ਪਰ ਉਸ ਮਗਰੋਂ ਕਦੇ ਇਸ ਵਿਸ਼ੇ ’ਤੇ ਗੱਲ ਨਾ ਕੀਤੀ। ਕੁੱਝ ਮਹੀਨਿਆਂ ਬਾਅਦ ਉਹ ਅਚਾਨਕ ਕਾਲਜ ਛੱਡ ਕੇ, ਬਿਨਾਂ ਮੈਨੂੰ ਮਿਲੇ, ਪਤਾ ਨਹੀਂ ਕਿਥੇ ਚਲਾ ਗਿਆ। ਇਸ ਘਟਨਾ ਦੇ 40 ਸਾਲ ਮਗਰੋਂ ਅਚਾਨਕ ਦਿੱਲੀ ਰੇਲਵੇ ਸਟੇਸ਼ਨ ਤੇ ਮੁਲਾਕਾਤ ਹੋ ਗਈ। ਮੈਂ ਉਸ ਨੂੰ ਪਛਾਣ ਵੀ ਨਾ ਸਕਿਆ। ਬਿਲਕੁਲ ਬੁੱਢਾ ਲੱਗ ਰਿਹਾ ਸੀ। ਉਸ ਨੇ ਮੈਨੂੰ ਪਛਾਣ ਲਿਆ ਤੇ ਜੱਫੀ ਵਿਚ ਲੈ ਕੇ ਬੋਲਿਆ, ‘‘ਤੂੰ ਤਾਂ ਬਿਲਕੁਲ ਕਾਲਜ ਵਾਲੇ ਜੁਗਿੰਦਰ ਵਰਗਾ ਹੀ ਲਗਦੈਂ।’’ ਮੈਂ ਕਿਹਾ, ‘‘ਪਰ ਤੂੰ ਅਪਣਾ ਸ੍ਰੀਰ ਕਿਉਂ ਨਹੀਂ ਸੰਭਾਲਿਆ?’’




ਕਹਿਣ ਲੱਗਾ, ‘‘ਲੰਮੀ ਕਹਾਣੀ ਹੈ ਪਰ ਤੈਨੂੰ ਜ਼ਰੂਰ ਇਕ ਵਾਰ ਮਿਲਣਾ ਚਾਹੁੰਦਾ ਸੀ। ਕਈਆਂ ਤੋਂ ਤੇਰੇ ਬਾਰੇ ਪੁਛਿਆ ਪਰ ਕਿਸੇ ਨੂੰ ਵੀ ☞


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ


ਭੁਪਿੰਦਰ ਸਿੰਘ ਗਿੱਲ:604-897-5750



UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca www.universaltent.ca



UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਉਦਯੋਗਪਤੀਆਂ ਤੇ ਅਮੀਰਾਂ ਨੂੰ ਅਰਬਾਂ ਦੀ ਛੋਟ ਮਿਲਣ ਤੇ ਚੁੱਪ ਪਰ ਗ਼ਰੀਬ...

ਸੁਪਰੀਮ ਕੋਰਟ ਵਿਚ ਆਮ ਭਾਰਤੀ ਨੂੰ ਸਰਕਾਰਾਂ ਵਲੋਂ ਮੁਫ਼ਤ ਰਿਉੜੀਆਂ (ਮੁਫ਼ਤ ਚੀਜ਼ਾਂ) ਵੰਡਣ ਨੂੰ ਲੈ ਕੇ ਇਕ ਪਟੀਸ਼ਨ ਪਾਈ ਗਈ ਹੈ ਤੇ ਅਦਾਲਤ ਵਿਚ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਸ ਬਾਰੇ ਚੋਣ ਕਮਿਸ਼ਨ ਕੁੱਝ ਨਹੀਂ ਕਰ ਸਕਦਾ, ਸਰਕਾਰ ਹੀ ਕੁੱਝ ਕਰ ਸਕਦੀ ਹੈ। ਇਸ ਕੇਸ ਵਿਚ ਪਟੀਸ਼ਨ ਪਾਉਣ ਵਾਲੇ ਭਾਜਪਾ ਆਗੂ ਅਸ਼ਵਨੀ ਉਪਾਧਿਆਏ ਨੇ ਪੰਜਾਬ ਦੀ ਉਦਾਹਰਣ ਦੇ ਕੇ ਇਸ ਪ੍ਰਥਾ ਨੂੰ ਰੋਕਣ ਦੀ ਗੁਹਾਰ ਲਾਈ ਹੈ। ਸੁਪ੍ਰੀਮ ਕੋਰਟ ਵਿਚ ਅਰਜ਼ੀ ਪਾ ਕੇ, ਪੰਜਾਬ ਵਿਚ 600 ਯੂਨਿਟ ਮੁਫ਼ਤ ਬਿਜਲੀ ਤੇ ਇਤਰਾਜ਼ ਪ੍ਰਗਟਾਇਆ ਗਿਆ ਹੈ ਕਿਉਂਕਿ ਪੰਜਾਬ ਦੇ ਖ਼ਜ਼ਾਨੇ ਦੀ ਹਾਲਤ ਬੜੀ ਖ਼ਸਤਾ ਹੈ।

ਇਹ ਸਿਰਫ਼ ਸਿਆਸੀ ਖਹਿਬਾਜ਼ੀ ਸਦਕਾ ਹੀ ਕਿਹਾ ਜਾ ਰਿਹਾ ਹੈ ਕਿਉਂਕਿ ਭਾਜਪਾ ਨੂੰ 'ਆਪ' ਪਾਰਟੀ ਤੋਂ ਹੀ 2024 ਦੀਆਂ ਪਾਰਲੀਮਾਨੀ ਚੋਣਾਂ ਵਿਚ ਖ਼ਤਰਾ ਲੱਗ ਰਿਹਾ ਹੈ ਜਦਕਿ ਪੰਜਾਬ ਦੀ ਖ਼ਸਤਾ ਹਾਲਤ ਪਿਛਲੇ 15 ਸਾਲਾਂ ਤੋਂ ਹੀ ਇਸੇ ਤਰ੍ਹਾਂ ਚਲ ਰਹੀ ਹੈ ਤੇ ਅਕਾਲੀ - ਭਾਜਪਾ ਸਰਕਾਰ ਤੇ ਕਾਂਗਰਸ ਸਰਕਾਰਾਂ ਨੇ ਪੰਜਾਬ ਦੇ ਵੋਟਰਾਂ ਨੂੰ ਮੁਫ਼ਤ ਆਟਾ ਦਾਲ ਤੋਂ ਲੈ ਕੇ ਮੁਫ਼ਤ ਬੱਸ ਸਵਾਰੀ ਵੀ ਦਿਤੀ ਹੈ। ਇਨ੍ਹਾਂ ਦੀ ਗੱਲ ਛੱਡੋ, ਭਾਜਪਾ ਦੀ ਸਰਕਾਰ ਨੇ ਗੋਆ ਵਿਚ ਮੁਫ਼ਤ ਲੈਪਟਾਪ ਦੇਣ ਦਾ ਵਾਅਦਾ ਕਰ ਕੇ ਵੋਟਾਂ ਲਈਆਂ। ਪ੍ਰਧਾਨ ਮੰਤਰੀ ਨੇ ਆਪ ਬਿਹਾਰ ਚੋਣਾਂ ਵਿਚ ਵੋਟਰਾਂ ਨਾਲ ਮੁਫ਼ਤ ਵੈਕਸੀਨ ਦੇਣ ਦਾ ਵਾਅਦਾ ਕੀਤਾ।

ਇਹ ਕੇਸ ਸਿਰਫ਼ 'ਆਪ' ਦੇ 'ਮੁਫ਼ਤ ਸਹੂਲਤਾਂ' ਦੇਣ ਦੇ ਵਾਅਦਿਆਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਦਿੱਲੀ ਵਿਚ ਮੁਫ਼ਤ ਬਿਜਲੀ ਦੇ ਦਿਤੀ ਹੈ ਤੇ ਖ਼ਜ਼ਾਨੇ ਨੂੰ ਵੀ ਤੰਦਰੁਸਤ ਕਰ ਦਿਤਾ ਹੈ। ਸਰਕਾਰਾਂ ਉਦਯੋਗਪਤੀਆਂ ਦੇ ਕਰਜ਼ੇ  ਲੱਖਾਂ ਕਰੋੜਾਂ ਵਿਚ ਮਾਫ਼ ਕਰਦੀਆਂ ਹਨ ਤਾਕਿ ਇਹ ਹੋਰ ਜ਼ਿਆਦਾ ਲੋਕਾਂ ਲਈ ਨੌਕਰੀਆਂ ਪੈਦਾ ਕਰਨ ਤੇ ਵੱਧ ਟੈਕਸ ਭਰਨ ਜਿਸ ਨਾਲ ਦੇਸ਼ ਨੂੰ ਫ਼ਾਇਦਾ ਹੋਵੇਗਾ। ਪਰ ਜਦ ਦੇਸ਼ ਦੇ ਗ਼ਰੀਬ ਨੂੰ ਥੋੜ੍ਹਾ ਜਿਹਾ ਆਰਾਮ ਦੇਣ ਦੀ ਸੋਚ ਉਭਰਦੀ ਹੈ ਤਾਂ ਸੁਪਰੀਮ ਕੋਰਟ ਵਿਚ ਕੇਸ ਸ਼ੁਰੂ ਹੋ ਜਾਂਦਾ ਹੈ। ਕੀ 'ਆਮ ਨਾਗਰਿਕ ਨੂੰ ਕੋਈ ਆਰਾਮ ਜਾਂ ਸਹੂਲਤ ਦੇਣਾ ਇਕ ਗ਼ਲਤ ਸੋਚ ਹੈ? ਅੱਜ ਤਕ ਸਿਆਸਤਦਾਨਾਂ ਦੇ ਲੱਖਾਂ ਦੇ ਬਿਜਲੀ ਦੇ ਬਿਲ ਮਾਫ਼ ਹੁੰਦੇ ਰਹੇ, ਉਨ੍ਹਾਂ ਨੂੰ ਬਸਾਂ, ਟੋਲ ਪਲਾਜ਼ਾ ਤੇ ਹਵਾਈ ਜਹਾਜ਼ ਤੇ ਫ਼ੋਨ ਅਤੇ ਮੁਫ਼ਤ ਸਫ਼ਰ ਵੀ ਮਿਲਦਾ ਹੈ, ਕਿਸੇ ਨੂੰ ਤਕਲੀਫ਼ ਨਹੀਂ ਪਰ ਆਮ ਇਨਸਾਨ ਨੂੰ ਮਿਲੀ ਮਾੜੀ ਜਹੀ ਸਹੂਲਤ ਤੋਂ ਏਨੀ ਤਕਲੀਫ਼ ਕਿਉਂ?

ਅਦਾਲਤਾਂ ਨੂੰ ਇਸ ਕੰਮ ਲਈ ਵਰਤਣਾ ਜਾਇਜ਼ ਨਹੀਂ ਲਗਦਾ। ਇਹ ਕੰਮ ਲੋਕ-ਕਚਹਿਰੀ ਵਿਚ ਜਾ ਕੇ ਕੀਤਾ ਜਾਣ ਵਾਲਾ ਹੈ। ਇਕ ਸਾਲ ਤਾਂ ਦੇਣਾ ਬਣਦਾ ਹੈ ਜਿਸ ਵਿਚ ਇਸ ਸਰਕਾਰ ਨੂੰ ਅਪਣੇ ਆਰਥਕ ਗਣਿਤ ਨੂੰ ਸਹੀ  ਸਾਬਤ ਕਰਨ ਦਾ ਸਮਾਂ ਮਿਲੇ। ਇਹ ਲੋਕ ਹਿਤ ਵਾਲਾ ਨਵਾਂ ਰਾਹ ਸਾਬਤ ਹੋ ਸਕਦਾ ਹੈ ਜਿਸ ਨੂੰ ਸਿਆਸੀ ਸੌੜ-ਦਿਲੀ ਕਾਰਨ ਰੋਕਣ ਦੀ ਗ਼ਲਤੀ ਨਹੀਂ ਕਰਨੀ ਚਾਹੀਦੀ।--ਨਿਮਰਤ ਕੌਰ

ਤੇਰੇ ਬਾਰੇ ਕੁੱਝ ਨਹੀਂ ਸੀ ਪਤਾ।.... ਖ਼ੈਰ ਮਿਲਣਾ ਇਸ ਲਈ ਚਾਹੁੰਦਾ ਸੀ ਕਿ ਤੈਨੂੰ ਦਸ ਸਕਾਂ ਕਿ 40 ਸਾਲ ਪਹਿਲਾਂ ਭਗਤ ਸਿੰਘ ਦੀਆਂ ਲਿਖਤਾਂ ਬਾਰੇ ਜੋ ਤੂੰ ਕਿਹਾ ਸੀ, ਉਹ ਕਾਫ਼ੀ ਹੱਦ ਤਕ ਠੀਕ ਸੀ। ਰੂਸੀ ਕਮਿਊਨਿਸਟ ਪਾਰਟੀ ਨੇ ਭਗਤ ਸਿੰਘ ਦਾ ਨਾਂ ਭਾਰਤ ਵਿਚ ਕਮਿਊਨਿਸਟ ਇਨਕਲਾਬ ਲਈ ਚੁਣਿਆ ਸੀ ਤੇ ਬਾਕੀ ਜੋ ਕੁੱਝ ਕੀਤਾ ਗਿਆ, ਉਹ ਪਾਰਟੀ ਵਲੋਂ ਕੀਤਾ ਗਿਆ। ਮੈਂ ਅੱਜ ਵੀ ਕਮਿਊਨਿਸਟ ਪਾਰਟੀ ਵਿਚ ਹਾਂ ਤੇ ਇਸ ਸੱਚ ਬਾਰੇ ਸੱਭ ਨੂੰ ਪਤਾ ਹੈ। ਇਹੀ ਤੈਨੂੰ ਦਸਣਾ ਚਾਹੁੰਦਾ ਸੀ। ਤੇਰੀ ਗੱਲ ਦੀ ਸਚਾਈ ਦੀ ਤਸਦੀਕ ਪਾਰਟੀ ਵਿਚ ਰਹਿ ਕੇ ਸੌਖਿਆਂ ਹੀ ਹੋ ਗਈ।'' ਮੈਂ ਕਿਹਾ, ''ਲਿਖ ਕੇ ਬਿਆਨ ਦੇ ਸਕਦਾ ਹੈਂ?''ਬੋਲਿਆ, ''ਸਾਰੀ ਉਮਰ ਜਿਸ ਪਾਰਟੀ ਵਿਚ ਗੁਜ਼ਾਰੀ ਹੈ, ਉਸ ਦਾ ਕੋਈ ਵੀ ਰਾਜ਼ ਮੈਂ ਬਾਹਰ ਨਹੀਂ ਕੱਢ ਸਕਦਾ। ਪਰ ਛੋਟੇ ਹੁੰਦਿਆਂ ਦੇ ਇਕ ਦੋਸਤ ਨੂੰ ਸੱਚ ਦਸਣੋਂ ਮੈਂ ਅਪਣੇ ਆਪ ਨੂੰ ਰੋਕ ਵੀ ਨਹੀਂ ਸਕਿਆ। ਫਿਰ ਵੀ ਤੇਰੀ ਫ਼ਰਮਾਇਸ਼ ਬਾਰੇ ਸੋਚਾਂਗਾ ਜ਼ਰੂਰ।'' ਗੱਡੀ ਆ ਗਈ ਤੇ ਉਹ ਧੱਕੇ ਮੁੱਕੀ ਵਿਚ ਗੱਡੀ ਚੜ੍ਹ ਗਿਆ। ਦੋ ਕੁ ਮਹੀਨੇ ਬਾਅਦ ਉਸ ਦੇ ਦੱਸੇ ਫ਼ੋਨ ਨੰਬਰ ਤੋਂ ਜਾਣਕਾਰੀ ਮਿਲੀ ਕਿ ਸਤੀਸ਼ ਤਾਂ 10 ਦਿਨ ਪਹਿਲਾਂ, ਹਸਪਤਾਲ ਵਿਚ ਦੰਮ ਤੋੜ ਗਿਆ ਸੀ। ਉਸ ਨੂੰ ਕਈ ਬੀਮਾਰੀਆਂ ਲਗੀਆਂ ਹੋਈਆਂ ਸਨ। ਇਹ ਪੁਰਾਣੀ ਯਾਦ ਉਦੋਂ ਤਾਜ਼ਾ ਹੋ ਗਈ ਜਦ ਮੈਂ ਅਖ਼ਬਾਰਾਂ ਵਿਚ ਭਗਤ ਸਿੰਘ ਬਾਰੇ ਚਰਚਾ ਪੜ੍ਹੀ। ਸੱਚ ਇਹੀ ਹੈ ਕਿ ਉਹ ਪੱਕਾ ਸਿੱਖ ਸੀ ਪਰ ਕੋਈ ਵੱਡਾ ਕੰਮ ਕਰ ਕੇ ਮਸ਼ਹੂਰ ਹੋਣਾ ਚਾਹੁੰਦਾ ਸੀ। ਉਹ ਜਾਨ ਦੇਣ ਨੂੰ ਵੀ ਤਿਆਰ ਰਹਿੰਦਾ ਸੀ।ਅਖ਼ੀਰ ਉਸ ਦੇ ਜਜ਼ਬਾਤੀ ਹੋਣ ਦਾ ਫ਼ਾਇਦਾ ਉਠਾਉਣ ਦਾ ਫ਼ੈਸਲਾ, ਰੂਸੀ ਕਮਿਊਨਿਸਟ ਪਾਰਟੀ ਦੀ ਸਿਫ਼ਾਰਿਸ਼ ਤੇ ਭਾਰਤੀ ਕਮਿਊਨਿਸਟ ਪਾਰਟੀ ਨੇ ਕੀਤਾ। ਫ਼ੈਸਲਾ ਹੀ ਨਾ ਕੀਤਾ ਸਗੋਂ ਭਗਤ ਸਿੰਘ ਨੂੰ ਕਮਿਊਨਿਸਟ ਸਾਬਤ ਕਰਨ ਲਈ ਹਰ ਜਾਇਜ਼ ਨਾਜਾਇਜ਼ ਹਰਬਾ ਵਰਤਿਆ ਤੇ ਆਪ ਤਿਆਰ ਕਰਵਾਈਆਂ ਲਿਖਤਾਂ ਨੂੰ ਭਗਤ ਸਿੰਘ ਦੀਆਂ ਲਿਖਤਾਂ ਕਹਿ ਕੇ ਪ੍ਰਚਾਰਿਆ। ਪਰ ਅਖ਼ੀਰ 'ਤੇ ਜਾ ਕੇ ਫਾਂਸੀ ਦਾ ਸਮਾਂ ਨੇੜੇ ਆਉਣ 'ਤੇ ਜਦ ਉਸ ਨੇ ਜੇਲ ਵਿਚ ਹੀ ਬੰਦ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਕੀਤੀ ਤਾਂ ਪਤਾ ਲੱਗਾ ਕਿ ਉਸ ਦੇ ਅੰਦਰ ਤਾਂ ਸਿੱਖੀ ਦੀ ਅਗਨੀ ਪਹਿਲਾਂ ਦੀ ਤਰ੍ਹਾਂ ਹੀ ਪ੍ਰਜਵਲਿਤ ਹੈ ਤੇ ਕਮਿਊਨਿਸਟ ਪਾਰਟੀ ਵਾਲੇ, ਜੇਲ੍ਹ ਤੋਂ ਬਾਹਰ, ਉਸ ਬਾਰੇ ਹਜ਼ਾਰ ਹੁੱਜਤਾਂ ਘੜਨ ਦੇ ਬਾਵਜੂਦ ਉਸ ਨੂੰ ਕਾਮਰੇਡ ਨਹੀਂ ਸਨ ਬਣਾ ਸਕੇ।ਸੰਖੇਪ ਵਿਚ ਭਗਤ ਸਿੰਘ ਇਕ ਸੱਚਾ ਸੁੱਚਾ ਸਿੱਖ ਸੀ ਜੋ ਅਪਣੇ ਆਦਰਸ਼ ਖ਼ਾਤਰ ਅਥਵਾ ਦੇਸ਼ ਲਈ ਜਾਨ ਵਾਰ ਦੇਣ ਨੂੰ ਛੋਟੀ ਗੱਲ ਸਮਝਦਾ ਸੀ। ਜੇ ਅਕਾਲੀ ਉਸ ਨੂੰ ਠੀਕ ਤਰ੍ਹਾਂ ਸਮਝ ਸਕਦੇ ਤਾਂ ਉਹ ਧਰਮ ਲਈ ਵੀ ਜਾਨ ਵਾਰ ਦੇਣ ਲਈ ਤਿਆਰ ਸੀ। ਉਹ ਲਫ਼ਜ਼ ਦੇ ਕਿਸੇ ਵੀ ਅਰਥ ਅਨੁਸਾਰ 'ਸ਼ਹੀਦ' ਸੀ ਤੇ ਉਸ ਦੇ ਸ਼ਹੀਦ ਨਾ ਹੋਣ ਦੀ ਗੱਲ ਸੋਚਣੀ ਵੀ ਨਹੀਂ ਚਾਹੀਦੀ (ਚੰਨਣ ਸਿੰਘ ਦੀ ਉਸ ਦੇ ਹੱਥੋਂ ਮੌਤ ਦੇ ਬਾਵਜੂਦ)। ਉਹ ਕਦੇ ਵੀ ਕਮਿਊਨਿਸਟ ਜਾਂ ਨਾਸਤਕ ਨਹੀਂ ਸੀ ਤੇ ਭਾਈ ਰਣਧੀਰ ਸਿੰਘ ਅਨੁਸਾਰ, ਉਹ ਫਾਂਸੀ ਲਗਾਏ ਜਾਣ ਤੋਂ ਪਹਿਲਾਂ ਪੱਕਾ ਸਿੱਖ ਹੋਣ ਦਾ ਐਲਾਨ ਕਰ ਕੇ ਗਿਆ ਸੀ। ਕਮਿਊਨਿਸਟ ਪਾਰਟੀ ਨੇ ਸਿੱਖਾਂ ਕੋਲੋਂ ਇਕ ਕਾਬਲ ਨੌਜੁਆਨ ਖੋਹ ਲਿਆ ਪਰ ਸਿੱਖ ਲੀਡਰ, ਇਸ ਗ਼ਲਤ ਸਾਜ਼ਸ਼ ਨੂੰ ਨੰਗਿਆਂ ਕਰਨ ਦੀ ਬਜਾਏ ਅਪਣਾ ਹੀਰਾ ਉਨ੍ਹਾਂ ਦੀ ਝੋਲੀ ਵਿਚ ਪਾ ਦੇਣ ਦੀ ਗ਼ਲਤੀ ਤੇ ਡਟੇ ਨਾ ਰਹਿਣ ਤੇ ਅਪਣੀ ਗ਼ਲਤ ਰਵਸ਼ ਵਿਚ ਸੁਧਾਰ ਕਰ ਲੈਣ ਤਾਂ ਠੀਕ ਹੀ ਹੋਵੇਗਾ। -ਧੰਨਵਾਦ ਸਹਿਤ ਸਪੋਕਸਮੈਨ ਸਮਾਚਾਰ ਸੇਵਾ


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚੋਂ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



I.A.M.A

New Healing Touch Accupressure
(Practising Chandel's Method)

**We Cure:** Back Pain, Neck/Shoulder, Sciatica Pain, Stress, Migraine Pain, Digestive Disorder, Solar Plexus, Asthma, Depression, Anxiety Infertility/Conception, Fibromyalgia, Slipped Disk, Cervical Spondylitis, leg/Knee Pain, Tensions, Headaches, Constipation, Fatigue, Arthritis, Obesity, Parkinson's Disease, High Blood pressure, Minieres, harmonal imbalance, (M.S) Muscular Dystrophy, Stroke, Cancer and much more...

We Specialize in Ladies & Children Problems

Height Increase & Conception Cases

- Quick Checkup and Effective Relief
- No Medication, No Needles
- No Side Effects
- All Natural Form Of Healing



Experience The Most Powerful Whole Body Detoxification Exiting In The World

First Consultation FREE

Dr. Sukhpal Sangha (M.D.A)
Certified Accupressurist,
Director OF International Accupressure Medical Accosiation USA

Email: sanghasukhpal@gmail.com
604-857-2806

# ਲਾਦੇਨ ਦੇ ਖ਼ਾਸ ਜਿਸ ਅਲ ਜ਼ਵਾਹਿਰੀ ਨੂੰ ਅਮਰੀਕਾ ਨੇ ਮਾਰਿਆ, ਉਹ ਕੌਣ ਸੀ? ਪ੍ਰੋਫੈਸਰ ਦੇ ਮੁੰਡੇ ਅਤੇ ਅੱਖਾਂ ਦੇ ਮਾਹਰ ਡਾਕਟਰ ਨੇ ਕਿਉਂ ਫੜ੍ਹੀ ਇਹ ਰਾਹ?

ਅਮਰੀਕਾ ਵੱਲੋਂ ਦਾਅਵਾ ਕੀਤਾ ਗਿਆ ਕਿ ਅਫ਼ਗਾਨਿਸਤਾਨ ਦੇ ਕਾਬੁਲ ਵਿੱਚ ਉਨ੍ਹਾਂ ਨੇ ਆਇਮਨ ਅਲ-ਜ਼ਵਾਹਿਰੀ ਨੂੰ ਡਰੋਨ ਹਮਲੇ ਵਿੱਚ ਮਾਰ ਦਿੱਤਾ ਹੈ।ਆਇਮਨ ਅਲ-ਜ਼ਵਾਹਿਰੀ ਨੂੰ ਅਕਸਰ ਅਲ-ਕਾਇਦਾ ਦੀ ਵਿਚਾਰਧਾਰਾ ਦਾ ਮੁੱਖ ਵਿਚਾਰਕ ਮੰਨਿਆ ਜਾਂਦਾ ਹੈ।ਕਿੱਤੇ ਵਜੋਂ ਅੱਖਾਂ ਦੇ ਸਰਜਨ ਰਹੇ ਅਲ-ਜ਼ਵਾਹਿਰੀ ਨੇ 'ਮਿਸਰ ਇਸਲਾਮੀ ਜਿਹਾਦ' ਸਮੂਹ ਵਿੱਚ ਵੀ ਸ਼ਮੂਲੀਅਤ ਕੀਤੀ ਸੀ।ਅਮਰੀਕੀ ਰਾਸ਼ਟਰਪਤੀ ਨੇ ਆਖਿਆ ਕਿ ਅਲ-ਜ਼ਵਾਹਰੀ ਅਮਰੀਕੀ ਨਾਗਰਿਕਾਂ ਦੇ ਖ਼ਿਲਾਫ਼ ਹੱਤਿਆ ਅਤੇ ਹਿੰਸਾ ਦਾ ਦੋਸ਼ੀ ਸੀ।

2011 ਵਿੱਚ ਓਸਾਮਾ ਬਿਨ ਲਾਦੇਨ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਅਲ ਕਾਇਦਾ ਦੀ ਵਾਗਡੋਰ ਸੰਭਾਲੀ ਸੀ।ਉਸ ਤੋਂ ਪਹਿਲਾਂ ਉਨ੍ਹਾਂ ਨੂੰ ਓਸਾਮਾ ਬਿਨ ਲਾਦਿਨ ਦੇ ਬੇਹੱਦ ਕਰੀਬੀ ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਜਿਸ ਨੇ ਅਮਰੀਕਾ ਉੱਪਰ ਹਮਲੇ ਵਿੱਚ ਵੀ ਸਹਾਇਤਾ ਕੀਤੀ ਸੀ।

2011 ਵਿੱਚ ਅਮਰੀਕਾ ਉੱਪਰ ਅੱਤਵਾਦੀ ਹਮਲੇ ਤੋਂ ਬਾਅਦ ਅਮਰੀਕਾ ਨੇ 22 ਦਹਿਸ਼ਤਗਰਦਾਂ ਦੀ ਸੂਚੀ ਜਾਰੀ ਕੀਤੀ ਸੀ, ਜਿਸ ਵਿੱਚ ਅਲ-ਜ਼ਵਾਹਿਰੀ ਦਾ ਨਾਮ ਵੀ ਸ਼ਾਮਿਲ ਸੀ।ਓਸਾਮਾ ਬਿਨ ਲਾਦੇਨ ਤੋਂ ਬਾਅਦ ਉਹ ਦੂਜੇ ਸਭ ਤੋਂ ਖ਼ਤਰਨਾਕ ਅੱਤਵਾਦੀ ਦੱਸੇ ਗਏ ਸਨ।ਅਮਰੀਕੀ ਸਰਕਾਰ ਵੱਲੋਂ ਉਨ੍ਹਾਂ ਉੱਪਰ ਢਾਈ ਕਰੋੜ ਡਾਲਰ ਦਾ ਇਨਾਮ ਰੱਖਿਆ ਗਿਆ ਸੀ।ਅਮਰੀਕਾ ਉੱਪਰ ਹਮਲਿਆਂ ਤੋਂ ਬਾਅਦ ਅਲ-ਜ਼ਵਾਹਿਰੀ ਅਲ-ਕਾਇਦਾ ਵੱਲੋਂ ਜਾਰੀ ਕੀਤੀਆਂ ਗਈਆਂ ਵੀਡੀਓਜ਼ ਵਿੱਚ ਸਭ ਤੋਂ ਵੱਧ ਵਾਰ ਨਜ਼ਰ ਆਏ।ਕੁੱਲ ਮਿਲਾ ਕੇ ਇਹ 16 ਵੀਡੀਓ ਅਤੇ ਆਡੀਓ ਸਨ। 2007 ਤੱਕ ਜਾਰੀ ਹੋਏ ਇਹ ਵੀਡੀਓ ਬਿਨ ਲਾਦੇਨ ਦੇ ਵੀਡੀਓ ਤੋਂ ਚਾਰ ਗੁਣਾਂ ਵੱਧ ਸਨ ਜੋ ਦੁਨੀਆਂ ਭਰ ਦੇ ਮੁਸਲਮਾਨਾਂ ਨੂੰ ਸੁਨੇਹੇ ਵਜੋਂ ਰਿਲੀਜ਼ ਹੁੰਦੀਆਂ ਸਨ।

ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਅਮਰੀਕਾ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੋਵੇ।2006 ਵਿੱਚ ਵੀ ਅਮਰੀਕੀ ਫੌਜਾਂ ਨੇ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਸਰਹੱਦ ਉੱਪਰ ਮਿਜ਼ਾਈਲ ਰਾਹੀਂ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।ਇਸ ਹਮਲੇ ਵਿੱਚ ਅਲ-ਕਾਇਦਾ ਦੇ ਚਾਰ ਆਗੂਆਂ ਦੀ ਮੌਤ ਹੋਈ ਸੀ ਪਰ ਅਲ-ਜ਼ਵਾਹਿਰੀ ਬਚ ਗਏ ਸਨ। ਦੋ ਹਫ਼ਤਿਆਂ ਬਾਅਦ ਉਨ੍ਹਾਂ ਨੇ ਇੱਕ ਹੋਰ ਵੀਡੀਓ ਰਿਲੀਜ਼ ਕਰਕੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੂੰ ਚਿਤਾਵਨੀ ਦਿੱਤੀ ਸੀ।

ਅਲ-ਜ਼ਵਾਹਿਰੀ ਦਾ ਜਨਮ ਮਿਸਰ ਦੀ ਰਾਜਧਾਨੀ ਕਾਹਿਰਾ ਵਿੱਚ ਜੂਨ 1951 ਨੂੰ ਹੋਇਆ ਸੀ। ਉਨ੍ਹਾਂ ਦੇ ਪਰਿਵਾਰ ਵਿੱਚ ਡਾਕਟਰ ਅਤੇ ਹੋਰ ਕਈ ਪੜ੍ਹੇ ਲਿਖੇ ਲੋਕ ਸਨ।ਉਨ੍ਹਾਂ ਦੇ ਦਾਦਾ ਰਾਬੀਆ ਅਲ-ਜ਼ਵਾਹਰੀ ਅਲ ਅਜ਼ਹਰ ਦੇ ਇਮਾਮ ਸਨ। ਇਹ ਮੱਧ ਪੂਰਬ ਵਿੱਚ ਸੁੰਨੀ ਇਸਲਾਮੀ ਕੇਂਦਰ ਸੀ ਅਤੇ ਉਨ੍ਹਾਂ ਦੇ ਇੱਕ ਹੋਰ ਰਿਸ਼ਤੇਦਾਰ ਅਰਬ ਲੀਗ ਦੇ ਪਹਿਲੇ ਸਕੱਤਰ ਜਨਰਲ ਸਨ।ਜ਼ਵਾਹਿਰੀ ਨੂੰ 15 ਸਾਲ ਦੀ ਉਮਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸੇ ਸਮੇਂ ਉਹ ਸਕੂਲ ਵਿੱਚ ਕੱਟੜ ਇਸਲਾਮ ਦਾ ਹਿੱਸਾ ਬਣੇ ਸਨ।ਮੁਸਲਿਮ ਭਾਈਚਾਰੇ ਨਾਲ ਸਬੰਧਿਤ 'ਮਿਸਰ ਇਸਲਾਮੀ ਜਿਹਾਦ' ਸੰਸਥਾ ਦੇਸ਼ ਵਿੱਚ ਪਾਬੰਦੀਸ਼ੁਦਾ ਸੀ ਅਤੇ ਮਿਸਰ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਕੱਟੜ ਇਸਲਾਮੀ ਸੰਸਥਾ ਸੀ।ਇਨ੍ਹਾਂ ਰਾਜਨੀਤਿਕ ਗਤੀਵਿਧੀਆਂ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਡਾਕਟਰੀ ਦੀ ਪੜ੍ਹਾਈ ਕਾਹਿਰਾ ਯੂਨੀਵਰਸਿਟੀ ਦੇ ਮੈਡੀਕਲ ਸਕੂਲ ਤੋਂ ਜਾਰੀ ਰੱਖੀ। 1974 ਵਿੱਚ ਗ੍ਰੈਜੂਏਸ਼ਨ ਤੋਂ ਬਾਅਦ ਚਾਰ ਸਾਲ ਬਾਅਦ ਇੱਥੋਂ ਹੀ ਸਰਜਰੀ ਵਿਚ ਡਿਗਰੀ ਵੀ ਹਾਸਲ ਕੀਤੀ।ਉਨ੍ਹਾਂ ਦੇ ਪਿਤਾ ਮੁਹੰਮਦ ਇਸ ਯੂਨੀਵਰਸਿਟੀ ਵਿੱਚ ਫਾਰਮੇਸੀ ਦੇ ਪ੍ਰੋਫੈਸਰ ਸਨ।

ਸ਼ੁਰੂਆਤ ਵਿੱਚ ਅਲ-ਜ਼ਵਾਹਰੀ ਆਪਣੇ ਪਰਿਵਾਰ ਦੀ ਪਰੰਪਰਾ ਨੂੰ ਜਾਰੀ ਰੱਖਦੇ ਹੋਏ ਕਾਹਿਰਾ ਵਿੱਚ ਇੱਕ ਕਲੀਨਿਕ ਬਣਾਇਆ ਪਰ ਇਸ ਤੋਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਨੇ ਕੱਟੜਵਾਦੀ ਇਸਲਾਮੀ ਸਮੂਹਾਂ ਵਿੱਚ ਆਪਣੀ ਸ਼ਮੂਲੀਅਤ ਕੀਤੀ ਜੋ ਦੇਸ਼ ਵਿੱਚੋਂ ਸਰਕਾਰ ਪਲਟਾਉਣ ਲਈ ਲੱਗੇ ਹੋਏ ਸਨ।1973 ਵਿੱਚ ਉਨ੍ਹਾਂ ਨੇ ਮਿਸਰ ਇਸਲਾਮ ਜਿਹਾਦ ਵਿੱਚ ਸ਼ਮੂਲੀਅਤ ਕੀਤੀ।1981 ਵਿੱਚ ਮਿਸਰ ਦੇ ਰਾਸ਼ਟਰਪਤੀ ਅਨਵਰ ਸਾਦਾਤ ਦੀ ਹੱਤਿਆ ਕਰ ਦਿੱਤੀ ਗਈ ਸੀ। ਇੱਕ ਮਿਲਟਰੀ ਪਰੇਡ ਦੌਰਾਨ ਕਈ ਨੌਜਵਾਨ ਫੌਜੀ ਬਣ ਕੇ ਆਏ ਸਨ। ਮਿਸਰ ਇਸਲਾਮੀ ਜਿਹਾਦ' ਸਮੂਹ ਉੱਪਰ ਇਸ ਦਾ ਸ਼ੱਕ ਸੀ।ਮਿਸਰ ਦੇ ਰਾਸ਼ਟਰਪਤੀ ਵੱਲੋਂ ਇਸਰਾਈਲ ਨਾਲ ਸ਼ਾਂਤੀ ਸਮਝੌਤਾ ਕੀਤਾ ਗਿਆ ਸੀ ਜਿਸ ਤੋਂ ਬਾਅਦ ਕਈ ਨੌਜਵਾਨਾਂ ਵਿਚ ਗੁੱਸੇ ਦੀ ਲਹਿਰ ਸੀ। ਇਸ ਦਾ ਵਿਰੋਧ ਕਰਨ ਵਾਲੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ।ਇਸ ਹੱਤਿਆ ਤੋਂ ਬਾਅਦ ਅਦਾਲਤ ਦੀ ਕਾਰਵਾਈ ਵਿੱਚ ਅਲ-ਜ਼ਵਾਹਿਰੀ ਨੇ ਆਖਿਆ ਸੀ, "ਅਸੀਂ ਮੁਸਲਮਾਨ ਜਿਨ੍ਹਾਂ ਨੂੰ ਆਪਣੇ ਧਰਮ ਵਿਚ ਭਰੋਸਾ ਹੈ। ਅਸੀਂ ਇਸਲਾਮੀ ਦੇਸ਼ ਅਤੇ ਇਸਲਾਮੀ ਸਮਾਜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।"ਹਾਲਾਂਕਿ ਰਾਸ਼ਟਰਪਤੀ ਦੀ ਹੱਤਿਆ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ ਪਰ ਹਥਿਆਰ ਰੱਖਣ ਦੇ ਦੋਸ਼ ਵਿੱਚ ਉਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਸੀ।

ਉਨ੍ਹਾਂ ਦੀ ਜਾਣਨ ਵਾਲਿਆਂ ਮੁਤਾਬਕ ਇਸ ਸਮੇਂ ਦੌਰਾਨ ਜੇਲ੍ਹ ਵਿੱਚ ਲਗਾਤਾਰ ਕੁੱਟਿਆ ਮਾਰਿਆ ਜਾਂਦਾ ਸੀ ਅਤੇ ਇਹੀ ਉਹ ਸਮਾਂ ਸੀ ਜਿਸ ਨੇ ਉਨ੍ਹਾਂ ਨੂੰ ਹੋਰ ਕੱਟੜਵਾਦੀ ਬਣਾਇਆ।1985 ਵਿੱਚ ਰਿਹਾਈ ਤੋਂ ਬਾਅਦ ਅਲ-ਜ਼ਵਾਹਿਰੀ ਨੇ ਮਿਸਰ ਛੱਡ ਕੇ ਸਾਊਦੀ ਅਰਬ ਦਾ ਰੁਖ ਕੀਤਾ।ਇਸ ਤੋਂ ਕੁਝ ਸਮਾਂ ਬਾਅਦ ਉਹ ਪਾਕਿਸਤਾਨ ਦੇ ਪੇਸ਼ਾਵਰ ਵੱਲ ਚਲੇ ਗਏ ਅਤੇ ਫਿਰ ਅਫ਼ਗਾਨਿਸਤਾਨ ਵਿੱਚ ਜਿੱਥੇ ਉਹਨਾਂ ਨੇ ਮਿਸਰ ਇਸਲਾਮੀ ਜਿਹਾਦ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕੀਤਾ।1993 ਵਿੱਚ ਅਲ-ਜ਼ਵਾਹਿਰੀ ਨੇ ਫਿਰ ਇਸ ਸਮੂਹ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ ਅਤੇ ਮਿਸਰ ਵਿੱਚ ਕਈ ਮੰਤਰੀਆਂ ਉਪਰ ਹਮਲੇ ਕੀਤੇ ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਆਤਿਫ ਸਦੀਕੀ ਵੀ ਸ਼ਾਮਲ ਸਨ।ਇਸ ਦੌਰਾਨ ਉਨ੍ਹਾਂ ਨੇ ਦੇਸ਼ ਵਿੱਚ ਸੱਤਾ ਪਲਟਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੌਰਾਨ ਤਕਰੀਬਨ 1200 ਮਿਸਰ ਦੇ ਨਾਗਰਿਕਾਂ ਦੀ ਮੌਤ ਹੋਈ।1985 ਵਿੱਚ ਰਿਹਾਈ ਤੋਂ ਬਾਅਦ ਜ਼ਵਾਹਿਰੀ ਨੇ ਮਿਸਰ ਛੱਡ ਕੇ ਸਾਊਦੀ ਅਰਬ ਦਾ ਰੁਖ ਕੀਤਾ।1997 ਅਮਰੀਕਾ ਦੇ ਸਟੇਟ ਵਿਭਾਗ ਨੇ ਵੀ ਉਨ੍ਹਾਂ ਨੂੰ ਕਈ ਹਮਲਿਆਂ ਵਿੱਚ ਸ਼ਾਮਲ ਹੋਣ ਲਈ ਜ਼ਿੰਮੇਵਾਰ ਠਹਿਰਾਇਆ ਜਿਨ੍ਹਾਂ ਵਿੱਚ ਲਗਜ਼ਰ ਵਿਖੇ ਵਿਦੇਸ਼ੀ ਨਾਗਰਿਕ ਉੱਪਰ ਹਮਲਾ ਵੀ ਸ਼ਾਮਲ ਹੈ ਜਿਸ 'ਚ ਕਈਆਂ ਦੀ ਮੌਤ ਹੋਈ ਸੀ।ਦੋ ਸਾਲ ਬਾਅਦ ਮਿਸਰ ਦੀ ਮਿਲਟਰੀ ਅਦਾਲਤ ਵੱਲੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਵੀ ਸੁਣਾਈ ਗਈ।ਮੰਨਿਆ ਜਾਂਦਾ ਹੈ ਕਿ ਅਲ-ਜ਼ਵਾਹਿਰੀ ਨੇ 90 ਦੇ ਦਹਾਕੇ 'ਚ ਕਈ ਦੇਸ਼ਾਂ ਦੀ ਯਾਤਰਾ ਕੀਤੀ ਹੈ। ਇਸ ਦਾ ਮੰਤਵ ਆਪਣੇ ਮਿਸ਼ਨ ਲਈ ਪੈਸੇ ਇਕੱਠੇ ਕਰਨਾ ਸੀ।ਜਦੋਂ ਅਫ਼ਗਾਨਿਸਤਾਨ ਵਿੱਚੋਂ ਸੋਵੀਅਤ ਫ਼ੌਜਾਂ ਵਾਪਸ ਆ ਰਹੀਆਂ ਤਾਂ ਮੰਨਿਆ ਜਾਂਦਾ ਹੈ ਕਿ ਉਸ ਸਮੇਂ ਉਹ ਬੁਲਗਾਰੀਆ, ਸਵਿਟਜ਼ਰਲੈਂਡ, ਡੈਨਮਾਰਕ ਵਿੱਚ ਰਹੇ ਸਨ।ਕਈ ਵਾਰ ਨਕਲੀ ਪਾਸਪੋਰਟ ਦੀ ਸਹਾਇਤਾ ਨਾਲ ਆਸਟ੍ਰੀਆ,ਯਮਨ, ਇਰਾਕ, ਇਰਾਨ ਅਤੇ ਫਿਲਪੀਨਜ਼ ਵੀ ਗਏ।

ਦਸੰਬਰ 1996 ਵਿੱਚ ਉਨ੍ਹਾਂ ਨੇ ਛੇ ਮਹੀਨੇ ਰੂਸ ਦੀ ਕਸਟਡੀ ਵਿੱਚ ਵੀ ਬਿਤਾਏ ਕਿਉਂਕਿ ਉਹ ਬਿਨਾਂ ਦਸਤਾਵੇਜ਼ ਚੇਚਨੀਆ ਵਿਖੇ ਮੌਜੂਦ ਸਨ।ਮੰਨਿਆ ਜਾਂਦਾ ਹੈ ਕਿ 1997 ਵਿੱਚ ਉਹ ਅਫ਼ਗਾਨਿਸਤਾਨ ਦੇ ਜਲਾਲਾਬਾਦ ਵਿਖੇ ਚਲੇ ਗਏ ਜਿੱਥੇ ਓਸਾਮਾ ਬਿਨ ਲਾਦੇਨ ਮੌਜੂਦ ਸੀ।ਇੱਕ ਸਾਲ ਬਾਅਦ ਮਿਸਰ ਇਸਲਾਮੀ ਜਿਹਾਦ ਸਮੂਹ ਦਾ ਪੰਜ ਹੋਰ ਕੱਟੜਪੰਥੀ ਇਸਲਾਮੀ ਸਮੂਹਾਂ ਨਾਲ ਸਮਝੌਤਾ ਹੋਇਆ ਜਿਸ ਵਿੱਚ ਓਸਾਮਾ ਬਿਨ ਲਾਦੇਨ ਦਾ ਸਮੂਹ ਵੀ ਸ਼ਾਮਿਲ ਸੀ। ਇਹ ਵਿਸ਼ਵ ਇਸਲਾਮੀ ਫਰੰਟ ਸੀ ਜੋ ਯਹੂਦੀਆਂ ਦੇ ਖ਼ਿਲਾਫ਼ ਬਣਾਇਆ ਗਿਆ ਸੀ।ਇਸ ਸਮੂਹ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਫ਼ਤਵੇ ਵਿੱਚ ਅਮਰੀਕੀ ਨਾਗਰਿਕਾਂ ਦੀ ਹੱਤਿਆ ਨੂੰ ਜਾਇਜ਼ ਦੱਸਿਆ ਗਿਆ ਸੀ। ਇਸ ਤੋਂ ਛੇ ਮਹੀਨੇ ਬਾਅਦ ਦੋ ਹਮਲੇ ਹੋਏ। ਕੀਨੀਆ ਤੇ ਤਨਜ਼ਾਨੀਆ ਵਿਖੇ ਅਮਰੀਕੀ ਦੂਤਾਵਾਸ ਉਪਰ ਹੋਏ ਹਮਲਿਆਂ ਵਿੱਚ ਤਕਰੀਬਨ 223 ਲੋਕਾਂ ਦੀ ਮੌਤ ਹੋਈ ਸੀ।ਓਸਾਮਾ ਬਿਨ ਲਾਦੇਨ ਦੀ ਮੌਤ ਤੋਂ ਬਾਅਦ ਅਮਰੀਕਾ ਵੱਲੋਂ ਵਾਰ ਵਾਰ ਹਮਲਿਆਂ ਵਿਚ ਅਲ ਜਵਾਹਰੀ ਦੇ ਕਈ ਨਜ਼ਦੀਕੀ ਮਾਰੇ ਗਏ ਜਿਸ ਤੋਂ ਬਾਅਦ ਉਹ ਕਮਜ਼ੋਰ ਹੁੰਦਾ ਗਿਆ।ਅਲ-ਜ਼ਵਾਹਿਰੀ ਅਤੇ ਓਸਾਮਾ ਬਿਨ ਲਾਦੇਨ ਦਰਮਿਆਨ ਸੈਟੇਲਾਈਟ ਟੈਲੀਫੋਨ ਰਾਹੀਂ ਗੱਲਬਾਤ ਨੂੰ ਇਨ੍ਹਾਂ ਹਮਲਿਆਂ ਦੇ ਸਬੂਤ ਵਜੋਂ ਮੰਨਿਆ ਗਿਆ ਸੀ ਅਤੇ ਆਖਿਆ ਗਿਆ ਸੀ ਕਿ ਇਨ੍ਹਾਂ ਪਿੱਛੇ ਓਸਾਮਾ ਬਿਨ ਲਾਦਿਨ ਅਤੇ ਅਲ ਕਾਇਦਾ ਦਾ ਹੱਥ ਹੈ।



ਇਨ੍ਹਾਂ ਹਮਲਿਆਂ ਤੋਂ ਦੋ ਹਫ਼ਤਿਆਂ ਬਾਅਦ ਅਫਗਾਨਿਸਤਾਨ ਵਿਖੇ ਮੌਜੂਦ ਸਮੂਹਾਂ ਦੇ ਟ੍ਰੇਨਿੰਗ ਕੈਂਪ ਉੱਪਰ ਅਮਰੀਕਾ ਨੇ ਬੰਬਾਰੀ ਕੀਤੀ।ਇਸ ਤੋਂ ਅਗਲੇ ਦਿਨ ਅਲ-ਜ਼ਵਾਹਿਰੀ ਨੇ ਇੱਕ ਪਾਕਿਸਤਾਨੀ ਪੱਤਰਕਾਰ ਨੂੰ ਫੋਨ ਕੀਤਾ ਅਤੇ ਆਖਿਆ,"ਅਮਰੀਕਾ ਨੂੰ ਦੱਸ ਦਿਓ ਕਿ ਇਹ ਜੰਗ ਦੀ ਸ਼ੁਰੂਆਤ ਹੈ। ਅਮਰੀਕਾ ਆਪਣੀ ਬੰਬਾਰੀ ਦੀ ਧਮਕੀਆਂ ਨਾਲ ਡਰਾ ਨਹੀਂ ਸਕਦਾ।"ਅਮਰੀਕਾ ਵੱਲੋਂ ਉਨ੍ਹਾਂ ਦੀ ਮੌਤ ਨੂੰ ਜਿੱਤ ਵਜੋਂ ਪੇਸ਼ ਕੀਤਾ ਜਾਵੇਗਾ ਪਰ ਪਿਛਲੇ ਸਾਲ ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਤੋਂ ਬਾਅਦ ਅਲ-ਜ਼ਵਾਹਿਰੀ ਇਸਲਾਮਿਕ ਸਟੇਟ ਵਰਗੇ ਨਵੇਂ ਸਮੂਹਾਂ ਤੋਂ ਦੂਰ ਹੀ ਰਹੇ ਹਨ।ਮੰਨਿਆ ਜਾ ਰਿਹਾ ਹੈ ਕਿ ਅਲ-ਕਾਇਦਾ ਦਾ ਨਵਾਂ ਆਗੂ ਉੱਭਰੇਗਾ ਪਰ ਸ਼ਾਇਦ ਇਸ ਦੇ ਪਹਿਲਾਂ ਰਹੇ ਆਗੂ ਓਸਾਮਾ ਬਿਨ ਲਾਦੇਨ,ਅਲ-ਜ਼ਵਾਹਿਰੀ ਜਿਨ੍ਹਾਂ ਦਬਦਬਾ ਨਾ ਹੋਵੇ।


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਜੁਲਾਈ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:

1. ਨਗਰ ਮੀਰਪੁਰ, ਨਵਾਂ ਪਿੰਡ, ਮੱਲ੍ਹੀਆਂ ਖੁਰਦ ਦੀਆਂ ਸੰਗਤਾਂ ਵੱਲੋਂ
2. ਭਾਈ ਕਮਲਦੀਪ ਸਿੰਘ ਪਰਿਵਾਰ ਵੱਲੋਂ ਆਪਣੇ ਬੇਟੇ ਕਬੀਰ ਸਿੰਘ ਦੇ 15ਵੇਂ ਜਨਮ ਦਿਨ ਦੀ ਖੁਸ਼ੀ ਵਿਚ

ਇਹ ਦੋਨੋਂ ਅਖੰਡਪਾਠ ਸਾਹਿਬ 5 ਅਗਸਤ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 7 ਅਗਸਤ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*5 ਅਗਸਤ ਦਿਨ ਸ਼ੁੱਕਰਵਾਰ ਬੱਚੀ ਗੁਰਸਿਮਰਨਜੀਤ ਦਿਆਲ ਕੌਰ ਲਾਲੀ ਅਤੇ ਕਾਕਾ ਐਵਨ ਦਾ ਅਨੰਦਕਾਰਜ ਹੋਵੇਗਾ।

*5 ਅਗਸਤ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਲਖਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*6 ਅਗਸਤ ਦਿਨ ਸ਼ਨਿਚਰਵਾਰ ਕਾਕਾ ਹਰਪ੍ਰੀਤ ਸਿੰਘ ਅਤੇ ਬੱਚੀ ਜਸਕਿਰਨਜੀਤ ਕੌਰ ਦਾ ਅਨੰਦਕਾਰਜ ਹੋਵੇਗਾ।

*6 ਅਗਸਤ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜੋਗਾ ਸਿੰਘ ਉੱਪਲ ਪਰਿਵਾਰ ਵੱਲੋਂ ਹੋਵੇਗੀ।

*7 ਅਗਸਤ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਸਵਰਨਜੀਤ ਕੌਰ ਪਰਿਵਾਰ ਵੱਲੋਂ ਹੋਵੇਗੀ।

*8 ਅਗਸਤ ਦਿਨ ਸੋਮਵਾਰ ਭਾਈ ਪਰਮਜੀਤ ਸਿੰਘ ਲੌਂਗੀਆਂ ਪਰਿਵਾਰ ਵੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੱਚੀ ਸਹਾਰਾ ਦੇ ਪਹਿਲੇ ਜਨਮਦਿਨ ਦੀ ਖੁਸ਼ੀ ਵਿਚ ਹੋਵੇਗੀ।

*8 ਅਗਸਤ ਦਿਨ ਸੋਮਵਾਰ ਦੁਪਹਿਰ 1 ਵਜੇ ਸਵ. ਬੀਬੀ ਰੇਸ਼ਮ ਕੌਰ ਦੁਸਾਂਝ ਦਾ ਅੰਤਮ ਸਸਕਾਰ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2.30 ਵਜੇ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਜਸਵਿੰਦਰ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਔਰਤ ਬਾਰੇ ਈਸਾਈਅਤ ਦਾ ਨਜਰੀਆ

ਈਸਾਈ ਧਰਮ ‘ਚ ਪੁਰਸ਼ ਪ੍ਰਚਾਰਕ ਜਾਂ ਸੰਤ ਨੂੰ ਪਾਸਟਰ ਕਿਹਾ ਜਾਂਦਾ ਤੇ ਔਰਤ ਨੂੰ ਨੰਨ ਕਹਿ ਦਿੱਤਾ ਜਾਂਦਾ.. ਪੋਲੈਂਡ ‘ਚ ਇੱਕ ਨੰਨ (ਈਸਾਈ ਸਾਧਣੀ) ਨੇ ਅਦਾਲਤ ‘ਚ ਕੇਸ ਕੀਤਾ ਕਿ ESCON ਸੰਸਥਾ ਤੇ ਪਬੰਦੀ ਲਗਾ ਦਿੱਤੀ ਜਾਵੇ, ਕਿਉਂਕਿ ਇਹ ਸੰਸਥਾ ਪੋਲੈਂਡ ਵਿੱਚ ਕ੍ਰਿਸ਼ਨ ਦੀ ਸ਼ੋਭਾ ਵਧਾ ਰਹੀ ਹੈ, ਜੋ ਕਿ ਇੱਕ ਮਾੜੇ ਚਰਿੱਤਰ ਦਾ ਇਨਸਾਨ ਸੀ, ਜਿਸ ਨੇ 16,000 ਔਰਤਾਂ ਨਾਲ ਵਿਆਹ ਕੀਤਾ ਹੋਇਆ ਸੀ ਤੇ ਪਰਾਈਆਂ ਇਸਤਰੀਆਂ (ਗੋਪੀਆਂ) ਨਾਲ ਰਾਸ ਲੀਲਾ ਦੇ ਨਾਮ ਤੇ ਸੰਭੋਗ ਕਰਦਾ ਹੁੰਦਾ ਸੀ।

ਇਸ ਦੇ ਜੁਆਬ ‘ਚ ESCON ਸੰਸਥਾ ਦੇ ਵਕੀਲ ਨੇ ਜੱਜ ਨੂੰ ਬੇਨਤੀ ਕੀਤੀ ਕਿ ਤੁਸੀਂ ਕਿਰਪਾ ਕਰਕੇ ਇਸ ਨੰਨ ਨੂੰ ਉਹ ਸਹੁੰ ਦੁਹਰਾਉਣ ਲਈ ਕਹੋ, ਜੋ ਇਸ ਨੇ ਨੰਨ ਬਣਦੇ ਸਮੇਂ ਖਾਧੀ ਸੀ।

ਜੱਜ ਨੇ ਨੰਨ ਨੂੰ ਕਿਹਾ ਕਿ ਉਹ ਜ਼ੋਰ ਨਾਲ ਬੋਲ ਕੇ ਉਸ ਸਹੁੰ ਨੂੰ ਅਦਾਲਤ ਵਿੱਚ ਸੁਣਾਵੇ, ਪਰ ਉਸ ਨੇ ਇਸ ‘ਚ ਆਪਣੀ ਅਸਹਿਮਤੀ ਪ੍ਰਗਟਾਈ। ਫੇਰ ESCON ਦੇ ਵਕੀਲ ਨੇ ਖੁਦ ਉਹ ਸਹੁੰ ਪੜ੍ਹ ਕੇ ਸੁਣਾਉਣ ਲਈ ਜੱਜ ਤੋਂ ਇਜ਼ਾਜ਼ਤ ਮੰਗੀ।

ਜੱਜ ਨੇ ਪ੍ਰਵਾਨਗੀ ਦੇ ਦਿੱਤੀ।

ESCON ਦੇ ਵਕੀਲ ਨੇ ਹਰੇਕ ਨੰਨ ਵੱਲੋਂ ਚੁੱਕੀ ਜਾਂਦੀ ਸਹੁੰ ਪੜ੍ਹ ਕੇ ਸੁਣਾਉਣੀ ਸ਼ੁਰੂ ਕੀਤੀ ਤੇ ਉਸ ਨੇ ਕਿਹਾ ਕਿ ਨੰਨ ਬਣਦੇ ਵਕਤ ਸਾਰੇ ਸੰਸਾਰ ਦੀਆਂ ਕੁੜੀਆਂ ਇਹ ਸਹੁੰ ਚੁੱਕਦੀਆਂ ਹਨ ਕਿ ਮੈਂ ਯੀਸੂ ਨੂੰ ਆਪਣਾ ਪਤੀ ਧਾਰਨ ਕਰਦੀ ਹਾਂ ਤੇ ਉਸ ਤੋਂ ਇਲਾਵਾ ਹੋਰ ਕਿਸੇ ਗੈਰ-ਮਰਦ ਨਾਲ ਸ਼ਰੀਰਕ ਸੰਬੰਧ ਨਹੀਂ ਬਣਾਵਾਂਗੀ।“

ESCON ਦੇ ਵਕੀਲ ਨੇ ਜੱਜ ਨੂੰ ਕਿਹਾ ਹੁਣ ਤੁਸੀਂ ਦੱਸੋ ਹੁਣ ਤੱਕ ਕਿੰਨੇ ਲੱਖ ਕੁੜੀਆਂ ਨੰਨ ਬਣ ਕੇ ਜੀਸੂ ਨਾਲ ਵਿਆਹ ਕਰਾ ਚੁੱਕੀਆਂ ਹਨ ਤੇ ਭਵਿੱਖ ‘ਚ ਹੋਰ ਕਿੰਨੀਆਂ ਵਿਆਹ ਕਰਾਉਣਗੀਆਂ?

ਕ੍ਰਿਸ਼ਨ ਤੇ ਤਾਂ ਇਹ ਦੋਸ਼ ਹੈ ਕਿ ਉਸ ਨੇ 16,000 ਔਰਤਾਂ ਨਾਲ ਵਿਆਹ ਕਰਾਇਆ, ਪਰ ਪੂਰੇ ਸੰਸਾਰ ‘ਚ ਇਸ ਸਮੇਂ 10 ਲੱਖ ਤੋਂ ਵੱਧ ਨੰਨਾਂ ਹਨ, ਜਿਨ੍ਹਾਂ ਨੇ ਇਹ ਸਹੁੰ ਚੁੱਕੀ ਹੋਈ ਹੈ ਕਿ ਉਹਨਾਂ ਦਾ ਪਤੀ ਕੇਵਲ ਯੀਸੂ ਮਸੀਹ ਹੀ ਹੈ।

ਹੁਣ ਤੁਸੀਂ ਦੱਸੋ ਯੀਸੂ ਮਸੀਹ ਤੇ ਕ੍ਰਿਸ਼ਨ ਵਿੱਚੋਂ ਕਿਹੜਾ ਵੱਧ ਚਰਿੱਤਰਹੀਣ ਹੈ? ਨਾਲ ਹੀ ਨੰਨਾਂ ਦੇ ਚਰਿੱਤਰ ਬਾਰੇ ਤੁਸੀਂ ਕੀ ਕਹੋਗੇ?

ਇਸ ਤੋਂ ਬਾਅਦ ਹੋਇਆ ਇਹ ਕਿ ਓਸ਼ਛੋਂ ਸੰਸਥਾ ਦੇ ਵਕੀਲ ਦਾ ਪੱਖ ਸੁਣਨ ਤੋਂ ਬਾਅਦ ਜੱਜ ਨੇ ਨੰਨ ਵੱਲੋਂ ਕੀਤੀ ਗਈ ਅਪੀਲ ਨੂੰ ਖਾਰਜ਼ ਕਰ ਦਿੱਤਾ।

ਇਹ ਤਾਂ ਗੱਲ ਹੋ ਗਈ ਨੰਨਾਂ ਬਾਰੇ ਕਿ ਈਸਾਈ ਧਰਮ ਵਿੱਚ ਜਿੰਮੇਦਾਰ ਅਹੁਦਿਆਂ ਤੇ ਕੰਮ ਕਰ ਰਹੀਆਂ ਔਰਤਾਂ ਕਿਸ ਚਰਿੱਤਰ ਦੀਆਂ ਮਾਲਕ ਹੁੰਦੀਆਂ। ਹੁਣ ਈਸਾਈ ਧਰਮ ਵਿੱਚ ਆਮ ਔਰਤਾਂ ਬਾਰੇ ਗੱਲ ਕਰਦੇ ਆ ਕਿ ਉਹਨਾਂ ਬਾਰੇ ਬਾਈਬਲ ਚ ਕੀ ਕਿਹਾ ਗਿਆ?

1. ਰੱਬ ਨੇ ਪੁਰਸ਼ ਬਣਾ ਕੇ ਆਪਣੇ ਵਰਗੀ ਹੀ ਇੱਕ ਸ਼ਵੀ ਤਿਆਰ ਕੀਤੀ ਹੈ।ਇਸ ਲਈ ਪੁਰਸ਼ ਹੀ ਸਾਰੀ ਸ਼੍ਰਿਸ਼ਟੀ ਦਾ ਮਾਲਕ ਹੈ।ਪੁਰਸ਼ ਕੋਲ ਅਧਿਕਾਰ ਹੈ ਕਿ ਉਹ ਔਰਤ ਨੂੰ ਦਬਾਅ ਕੇ ਆਪਣੀ ਆਗਿਆਕਾਰੀ ਬਣਾ ਕੇ ਰੱਖੇ ਅਤੇ ਉਸ ਤੋਂ ਅਨੰਦ ਪ੍ਰਾਪਤ ਕਰੇ।

2. ਰੱਬ ਨੇ ਸਭ ਤੋਂ ਪਹਿਲਾਂ ਆਦਮ ਨਾਮ ਦੇ ਪੁਰਸ਼ ਦੀ ਪੱਸਲੀ ਤੋਂ ਔਰਤ (ਈਵ) ਬਣਾਈ, ਜੋ ਮਰਦ ਦੇ ਮਨਪ੍ਰਚਾਵੇ ਲਈ ਬਣਾਈ ਗਈ।

3. ਨਰ ਅਤੇ ਨਾਰੀ ਦਾ ਸਵੈ-ਇੱਛਾ ਨਾਲ ਇੱਕ ਦੂਸਰੇ ਨਾਲ ਮਿਲਾਪ ਹੀ ‘ਮੂਲ ਪਾਪ’ ਹੈ।ਇਸ ‘ਮੂਲ ਪਾਪ’ ਲਈ ਪੁਰਸ਼ ਨੂੰ ਔਰਤ ਨੇ ਸ਼ੈਤਾਨ ਦੇ ਕਹਿਣ ਤੇ ਹੀ ਵਰਗਲਾਇਆ। ਇਸ ਲਈ #ਔਰਤ ਸੈਤਾਨ ਦੀ ਬੇਟੀ ਹੈ। ਉਹ ਪੁਰਸ਼ ਨੂੰ ਸੰਮੋਹਿਤ ਕਰਕੇ ਮੂਲ ਪਾਪ ਯਾਣੀ ਕਾਮਵਾਸਨਾ ਭਾਵ ਬੁਰਾਈ ਦੇ ਚੁੰਗਲ ਚ ਫਸਾਉਂਦੀ ਹੈ।

4. ਇਸ ਤਰ੍ਹਾਂ ਇਸਤਰੀ ਨੇ ਪੁਰਸ਼ ਨੂੰ ਪਾਪ ਕਰਨ ਲਈ ਮਜ਼ਬੂਰ ਕੀਤਾ।ਪੁਰਸ਼ ਨੂੰ ਵਰਗਲਾ ਕੇ ਮੂਲ ਪਾਪ ਕਰਨ ਲਈ ਉਸ ਨੇ ਜੋ ਗੈਰ-ਵਾਜ਼ਬ ਕੰਮ ਕੀਤਾ, ਓਸੇ ਕਾਰਨ ਹੀ ਧਰਤੀ ਤੇ adultry ਕਾਮਵਾਸ਼ਨਾ ਪੈਦਾ ਹੋਈ ਇਸ ਕੰਮ ਲਈ ਔਰਤ ਸਿੱਧੇ ਤੌਰ ਤੇ ਦੋਸ਼ੀ ਹੈ।

5. ਔਰਤ ਪੁਰਸ਼ ਨੂੰ ਸੰਮੋਹਿਤ ਕਰਨ ਵਾਲੀ #ਜਾਦੂਗਰਨੀ ਹੈ।ਪੁਰਸ਼ ਨੂੰ ਸੰਮੋਹਿਤ ਕਰਨ ਕਰਕੇ ਹੀ ਪਾਪ ਵਧਿਆ ਹੈ, ਇਸ ਲਈ ਔਰਤ ਹੱਦ ਦਰਜ਼ੇ ਦੀ ਨੀਚ #ਜਾਦੂਗਰਨੀ ਹੈ।

6. ਔਰਤ , ਡੈਣ ਹੈ ਇਸ ਲਈ ਔਰਤ ਤੇ ਤਸ਼ੱਦਦ ਕਰਨਾ ਜ਼ਾਇਜ਼ ਹੈ।

7. ਸ਼ੈਤਾਨ ਰੱਬ ਦਾ ਸ਼ਰੀਕ ਹੈ।ਰੱਬ ਅਤੇ ਸ਼ੈਤਾਨ ਵਿੱਚ ਨਿਰੰਤਰ ਜੰਗ ਚੱਲ ਰਹੀ ਹੈ, ਜਿਸੂ ਦੀ ਮਨਿਸਟਰੀ ਭਾਵ ਪਾਦਰੀ ਮੰਡਲ ਲਗਾਤਾਰ ਸ਼ੈਤਾਨ ਦੇ ਵਿਰੁੱਧ ਜੰਗ ਲੜ ਰਿਹਾ ਹੈ, ਤਾਂ ਕਿ ਅੰਤ ਵਿੱਚ ਰਬ ਦੀ ਜਿੱਤ ਹੋਵੇ।

8. ਸ਼ੈਤਾਨ ,ਰੱਬ ਦਾ ਦੁਸ਼ਮਣ ਹੈ ਤੇ ਔਰਤ #ਸ਼ੈਤਾਨ ਦੀ ਪੁੱਤਰੀ ਹੈ, ਜੋ ਉਸ ਦੀ ਏਜੇਂਟ ਬਣ ਕੇ GOD ਦਾ ਸਾਮਰਾਜ ਭਾਵ ਚੰਗਿਆਈ ਖਤਮ ਕਰ ਰਹੀ ਹੈ।

9. ਈਸਾਈਆਂ ਵਿੱਚ ਉਪਰੋਕਤ ਮਨੌਤਾਂ ਤੋਂ ਇਲਾਵਾ ਇੱਕ ਮਨੌਤ ਇਹ ਵੀ ਹੈ ਕਿ ਔਰਤ ਨੇ ਵਰਗਲਾ ਕੇ ਪੁਰਸ਼ ਨੂੰ ਮੂਲ ਪਾਪ ਕਰਨ ਲਈ ਉਕਸਾਇਆ ਹੈ। ਇਸ ਲਈ ਰੱਬ ਨੇ ਔਰਤ ਯਾਣੀ ‘ਈਵ’ ਨੂੰ ਸਰਾਪ ਦਿੱਤਾ। ਇਸ ਸਰਾਪ ‘ਚ ਮਹਾਂਵਾਰੀ, ਪ੍ਰਸਵ ਪੀੜਾ, ਗਰਭ ਧਾਰਨ ਅਤੇ ਹਮੇਸ਼ਾ ਲਈ ਪੁਰਸ਼ ਦੇ ਅਧੀਨ ਰਹਿਣ ਦਾ ਸਰਾਪ ਦਿੱਤਾ। ਔਰਤ ਸਰਾਪਿਤ ਹੈ, ਇਸ ਲਈ ਕੋਈ ਵੀ ਗ਼ਲਤੀ ਕਰਨ ਤੇ ਕਿਸੇ ਸੇਹਤਮੰਦ ਵਿਅਕਤੀ ਦੇ ਅੰਗੂਠੇ ਦੀ ਮੋਟਾਈ ਦੇ ਬਰਾਬਰ 10 ਤੋਂ 50 ਕੋੜੇ ਮਾਰਨਾ ਈਸਾਈ ਪੁਰਸ਼ ਦਾ ਅਧਿਕਾਰ ਹੈ। ਅਪਰਾਧ ਜ਼ਿਆਦਾ ਗੰਭੀਰ ਹੋਣ ਤੇ ਔਰਤ ਨੂੰ ਵੱਧ ਕੋੜੇ ਵੀ ਮਾਰੇ ਜਾ ਸਕਦੇ ਹਨ, ਇਹ ਈਸਾਈ ਧਰਮ ਕਹਿੰਦਾ ਹੈ।

ਈਸਾਈ ਧਰਮ ਵਿੱਚ ਔਰਤ ਤੇ ਗੈਰ-ਕ੍ਰਿਸ਼ਚਨ ਲੋਕਾਂ ਨੂੰ ਦਬਾ ਕੇ ਰੱਖਣਾ ਇੱਕ ਵਫ਼ਾਦਾਰ ਕ੍ਰਿਸ਼ਚਨ ਦਾ ਫਰਜ਼ ਹੈ। ਇਹ ਕੰਮ ਉਸ ਨੂੰ ਬੁੱਧੀ ਅਤੇ ਬਲ ਦੋਹਾਂ ਨੂੰ ਕਿਸੇ ਵੀ ਢੰਗ ਨਾਲ ਵਰਤ ਕੇ ਕਰਨਾ ਚਾਹੀਦਾ ਹੈ।

ਇਹਨਾਂ ਮਨੌਤਾਂ ਦੇ ਕਾਰਨ ਈਸਾਈਆਂ ‘ਚ ਈਸਾਈ ਔਰਤਾਂ ਨੂੰ ਧਾਰਮਿਕ ਤੌਰ ਤੇ ਪੁਰਸ਼ ਦੀ ਦੁਸ਼ਮਣ.. ਸ਼ੈਤਾਨ ਦੀ ਪੁੱਤਰੀ ਤੋਂ ਇਲਾਵਾ ਸ਼ੈਤਾਨ ਦਾ ਇੱਕ ਉਪਕਰਨ ਮੰਨਿਆ ਜਾਂਦਾ ਹੈ। ਨਰ ਅਤੇ ਨਾਰੀ ਦੇ ਮਿਲਾਪ ਨੂੰ ਮੂਲ ਪਾਪ ਮੰਨਿਆ ਜਾਂਦਾ ਹੈ। ਇਸ ਨਜ਼ਰੀਏ ਨਾਲ ਈਸਾਈ ਧਰਮ ਵਿੱਚ ਵਿਆਹ ਕਰਨਾ ਵੀ ਇੱਕ ਪਾਪ ਹੀ ਮੰਨਿਆ ਜਾਂਦਾ ਹੈ, ਪਰ ਜੇ ਵਿਆਹ ਈਸਾਈ ਵਿਧੀ ਮੁਤਾਬਕ ਕਿਸੇ ਚਰਚ ਦੀ ਦੇਖ-ਰੇਖ ਚ ਹੋਵੇ, ਤਾਂ ਉਸ ਨੂੰ ਤੁਲਣਾਤਮਕ ਤੌਰ ਤੇ ‘ਛੋਟਾ ਪਾਪ’ ਜਾਂ ਕਹਿ ਲਓ ‘ਘੱਟ ਪਾਪ’ ਮੰਨਿਆ ਜਾਂਦਾ ਹੈ।

ਈਸਾਈ ਧਰਮ ਵਿੱਚ ਸਾਰੀਆਂ ਧਾਰਮਿਕ ਕਿਰਿਆਵਾਂ ਨਿਭਾਉਣ ਤੋਂ ਬਾਅਦ ਵੀ ਇੱਕ ਵਿਆਹੀ ਔਰਤ ਨੂੰ ਅਪਵਿੱਤਰ ਜਾਂ ਪਾਪਣ ਹੀ ਮੰਨਿਆ ਜਾਂਦਾ ਹੈ। ਪਵਿੱਤਰ ਔਰਤ ਸਿਰਫ਼ ਓਹੀ ਹੈ, ਜਿਸ ਨੇ ਯੀਸੂ ਮਸੀਹ ਨੂੰ ਆਪਣਾ ਪਤੀ ਮੰਨ ਕੇ ਸਹੁੰ ਚੁੱਕੀ ਹੋਈ ਹੈ, ਭਾਵ ਜਿਹੜੀ ਇਸਤਰੀ ਨਨ ਹੈ, ਕੇਵਲ ਓਹੀ ਪਵਿੱਤਰ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਜਿਸ ਦੀਆਂ ਇਸ ਸਮੇਂ 10 ਲੱਖ ਤੋਂ ਵੱਧ ਪਤਨੀਆਂ ਧਰਤੀ ਤੇ ਮੌਜ਼ੂਦ ਹਨ, ਉਹ ਕਿਸ ਚਰਿੱਤਰ ਦਾ ਮਾਲਕ ਹੈ?

ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਸਿੱਖ ਧਰਮ ਵਿੱਚ ਔਰਤਾਂ ਨੂੰ ਆਪਣੀਆਂ ਧੀਆਂ ਕਹਿ ਕੇ ਨਿਵਾਜਿਆ, ਸ਼ਸਤਰ ਵਿੱਦਿਆ, ਘੋੜ-ਸਵਾਰੀ ਤੋਂ ਇਲਾਵਾ ਬਾਕੀ ਦੇ ਖੇਤਰਾਂ ਵਿੱਚ ਵੀ ਔਰਤ ਨੂੰ ਬਰਾਬਰ ਦਾ ਅਧਿਕਾਰ ਦਿੱਤਾ, ਪਰ ਪੰਜਾਬ ‘ਚ ਸਿੱਖ ਘਰ ਵਿੱਚ ਜਨਮ ਲੈ ਕੇ ਗੁਰਸ਼ਰਨ ਦਿਉਲ ਵਰਗੀ ਔਰਤ ਸਿੱਖੀ ਨਾਲੋਂ ਤੋੜ ਕੇ ਪੰਜਾਬ ਦਾ ਈਸਾਈਕਰਨ ਕਰਨ ਵਾਲੀ ਤੋਂ ਵੱਡਾ ਅਕ੍ਰਿਤਘਣ ਕੋਈ ਹੋ ਸਕਦਾ?

-ਸਧੇਵਾਲੀਆ ਨੇ ਭੇਜਿਆ

## ਕੈਨੇਡਾ ਦੀ ਫੀਲਡ ਹਾਕੀ ਅੰਡਰ-18 ਦਾ ਨੈਸ਼ਨਲ ਟੂਰਨਾਮੈਂਟ
## ਨੈਸ਼ਨਲ ਫੀਲਡ ਹਾਕੀ ਦਾ ਫਾਈਨਲ
## ਬ੍ਰਿਟਿਸ਼ ਕੋਲੰਬੀਆ ਦੀ ਟੀਮ ਨੇ ਜਿੱਤਿਆ




ਸਰੀ(ਡਾ ਗੁਰਵਿੰਦਰ ਸਿੰਘ ) ਕੈਨੇਡਾ ਦੀ ਫੀਲਡ ਹਾਕੀ ਅੰਡਰ 18 ਦਾ ਨੈਸ਼ਨਲ ਟੂਰਨਾਮੈਂਟ ਟਮੈਨਵਿਸ ਹਾਕੀ ਗਰਾਊਂਡ ਸਰੀ ਬੀਸੀ ਟੀਮ ਅਤੇ ਓਨਟੈਰੀਓ ਦੀ ਟੀਮ ਵਿੱਚ ਹੋਇਆ, ਜਿਸ ਵਿਚ ਬੀ ਸੀ ਦੀ ਟੀਮ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਬੇਹੱਦ ਦਿਲਚਸਪ ਅਤੇ ਫਸਵੇਂ ਮੈਚ ਵਿੱਚ ਸ਼ੂਟ ਆਊਟ ਰਾਹੀਂ ਇਹ ਜਿੱਤ ਬੀਸੀ ਨੇ ਦਰਜ ਕਰਵਾਈ, ਜਿਸ ਦੇ ਖਿਡਾਰੀਆਂ ਪਰਮਵੀਰ ਸਿੰਘ ਬਸਰਾ, ਗੁਰਬੀਰ ਸਿੰਘ ਮਘੇੜਾ, ਮਹਿਤਾਬ ਸਿੰਘ ਗਿੱਲ, ਅਕਾਲਜੋਤ ਸਿੰਘ ਤੇ ਸਤਪ੍ਰੀਤ ਸਿੰਘ ਢੱਡਾ, ਜੈਦੀਪ ਸਪਾਲ, ਚੇਤਨ ਸਿੰਘ ਮਾਨ ਮਨਰਾਜ ਸਿੰਘ ਧਾਲੀਵਾਲ, ਡੰਕਨ ਰੌਸ, ਨੋਆ ਲੂਈ ਅਲੈਗਜ਼ੈਂਡਰ ਮੂਰ, ਕੇਰਨ ਰੌਬਿਨ ਐੱਸਟਰਿਜ਼ ਸਿੰਕਲੇਅਰ, ਵਿਜੈ ਅੰਬਾਨੀ ਤੇ ਬਰੁੱਕਲਿਨ ਅਰਨਹਾ ਸਮੇਤ ਦੋਵੇਂ ਟੀਮਾਂ ਬਹੁਤ ਵਧੀਆ ਖੇਡੀਆਂ। ਬ੍ਰਿਟਿਸ਼ ਕੋਲੰਬੀਆ ਫੀਲਡ ਹਾਕੀ ਟੀਮ ਦੇ ਗੋਲੀ ਰਹਿਮਤ ਸਿੰਘ ਧਾਲੀਵਾਲ ਨੇ ਗੋਲੀ ਵਜੋਂ ਬਣਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਜਿਸ ਦੀ ਦਰਸ਼ਕਾਂ ਅਤੇ ਕੋਚਾਂ ਨੇ ਭਰਪੂਰ ਪ੍ਰਸੰਸਾ ਕੀਤੀ। ਬੀਸੀ ਟੀਮ ਦੇ ਕੋਚਾਂ ਜੌਹਨ ਸੀਕਰੇ, ਅੰਮ੍ਰਿਤ ਸਿੰਘ ਸਿੱਧੂ ਅਤੇ ਕੈਂਟ ਮਕੈਨਨ ਸਮੇਤ ਦੋਵੇਂ ਟੀਮਾਂ ਪ੍ਰਬੰਧਕਾਂ ਅਤੇ ਮਾਪਿਆਂ ਨੂੰ ਬਹੁਤ ਬਹੁਤ ਵਧਾਈਆਂ। ਮੈਚ ਸਮਾਪਤੀ 'ਤੇ ਬੀ ਸੀ ਦੀ ਫੀਲਡ ਹਾਕੀ ਟੀਮ ਦੇ ਖਿਡਾਰੀਆਂ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ, ਜਦਕਿ ਓਂਟੈਰੀਓ ਨੂੰ ਚਾਂਦੀ ਦੇ ਤਮਗੇ ਦਿੱਤੇ ਗਏ।


AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



ICBC Certified Driving School
B and H Driving School Inc.
Surrey BC
Driving Training 5, 7



Certified Instructor
Reasonable Rates
Punjabi Speaking
Car Available for Road Test
ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :
604-807-2296
2310



GARCHA Plumbing
Heating & Repair Ltd.






ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

# ਮਦਰ ਇੰਡੀਆ

## ਹਰਬਲ ਸ਼ੈਪੂ ਨਾਲ ਵਾਲ ਕਾਲੇ ਕਰੋ
## ਸਿਰਫ 7 ਮਿੰਟਾਂ ਵਿੱਚ

**NOW IN BOTTLE**

Available in
8 different colors
**Natural Brown**
**Dark Brown**
**Natural Black**
**Burgandy**
& more...










Ginger Shampoo

Organ Oil

- ਕੋਈ ਬੋਅ ਨਹੀਂ
- ਨਾ ਕੋਈ ਕੈਮੀਕਲ
- ਨਾ ਅਮੋਨੀਆ
- ਚਮੜੀ ਉਪਰ ਕੋਈ ਦਾਗ ਨਹੀਂ ਪੈਂਦਾ
- ਟੱਬ ਵਿੱਚ ਕੋਈ ਨਿਸ਼ਾਨ ਨਹੀਂ ਪੈਂਦਾ
- ਲੱਗਭੱਗ ਇੱਕ ਮਹੀਨੇ ਤੱਕ ਕਲਰ ਰਹਿੰਦਾ ਹੈ
- ਜੈਤੂਨ ਦੇ ਤੇਲ ਨਾਲ ਬਣਿਆ
- ਸਿਰਫ 7 ਮਿੰਟ ਲਾਉਣ ਦੀ ਲੋੜ



# ਮਦਰ ਇੰਡੀਆ

ਨਰੇਸ਼ ਸ਼ੁਕਲਾ

6647 Main Street (50th Ave.) Vancouver BC V5X 3H3

**TEL: 604-430-6072** Email: nareshcanada@hotmail.com

Qualicare®




# ਸਰੀ/ਡੈਲਟਾ/ਵਾਈਟ ਰੌਕ ‘ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

**Caring for a loved one with Alzheimer’s or dementia can feel all-consuming. Whether you’re providing that care on your own or concerned about someone else who is, we understand how hard it is to know when the time is right to invite in outside help. Truth is your loved one ought to be in the care of compassionate, competent hands, but with diseases as relentless as Alzheimer’s and dementia, it’s not sustainable for those hands to be yours alone. Caregivers need respite to avoid burnout. At Qualicare, we come alongside you with holistic home care solutions, designed to help slow the progression of Alzheimer’s and dementia while keeping your loved one calm and healthy. Under the guidance of a local Care Expert who is experienced in brain-health management, we’ll collaborate with your family to develop and execute a plan that promises: CALMING CARE From studying your loved one’s favor.**

**From the very first phone call we’ll help your clients get the right care at the right time. Our Care Experts are always available so call 1 888 591 0017 or visit qualicare.com to get started.**

## CALMING CARE

From studying your loved one’s favorite foods to understanding each quirk, our team will know what makes your loved one tick and offer a compassionate response that keeps the environment calm and controlled. Since Alzheimer’s and dementia are progressive, the earlier we can help the more impact we can make.

## RELIABLE CAREGIVERS

It won’t take long for our care team to feel like family. And, since your loved one may be particularly sensitive to new faces, we take intentional measures to keep the team consistent. It’s the same reason we want to help you keep your loved one at home, in a familiar environment.

## BRAIN-HEALTHY ACTIVITIES

Our caregivers are trained and equipped with tools and activities that can slow the progression of Alzheimer’s and dementia, and they build these into the day as often as they can. We’ll offer helpful tips on things your family can experiment with, too.

**ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ**

**778-735-2474 ਜਾਂ 604-782-5605**

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

*Top Quality *Friendly Service * On Time & Free Delivery

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00
Queen $299.00



ਗੌਦਰੇਜ
ਦੀ ਅਲਮਾਰੀ
ਕੀਮਤ
$599.00

**Paul Narwal & Patrick 604-503-4457 ਜਾਂ 236-868-1628**

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ/ਡੈਲਟਾ ਦੇ ਨਗਰ ਕੀਰਤਨ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ



# ਵਧਿਆ ਸਿੱਖਾਂ ਦਾ ਮਾਣ:ਅੰਮ੍ਰਿਤ ਸਿੰਘ ਮਾਨ ਬ੍ਰਿਟਿਸ਼ ਨੈਸ਼ਨਲ ਮੀਡੀਆ 'ਚ ਬਣਿਆ ਪਹਿਲਾ ਅੰਮ੍ਰਿਤਧਾਰੀ ਪੱਤਰਕਾਰ



ਆਕਲੈਂਡ-ਵਿਦੇਸ਼ੀ ਮੀਡੀਆ ਵਿਚ ਸਿੱਖਾਂ ਦਾ ਮਾਣ ਇਕ 19 ਸਾਲਾਂ ਨੌਜਵਾਨ ਨੇ ਵਧਾਇਆ ਹੈ। ਦਰਅਸਲ ਯੂਕੇ ਦੇ ਸਲੋਅ ਸ਼ਹਿਰ ਦਾ ਰਹਿਣ ਵਾਲਾ ਅੰਮ੍ਰਿਤ ਸਿੰਘ ਮਾਨ ਪਹਿਲਾ ਅਮ੍ਰਿਤਧਾਰੀ ਸਿੱਖ ਨੌਜਵਾਨ ਬਣਿਆ ਹੈ ਜੋ ਯੂਕੇ ਨੈਸ਼ਨਲ ਮੀਡੀਆ 'ਸਕਾਈ ਨਿਊਜ਼' ਵਿਚ ਬਤੌਰ ਜੂਨੀਅਰ ਪੱਤਰਕਾਰ ਚੁਣਿਆ ਗਿਆ ਹੈ।19 ਸਾਲਾ ਅੰਮ੍ਰਿਤ ਸਿੰਘ ਮਾਨ ਯੂਕੇ ਦਾ ਪਹਿਲਾ ਸਿੰਘ ਹੈ ਜੋ ਸਕਾਈ ਨਿਊਜ਼ 'ਤੇ ਖਬਰਾਂ ਪੇਸ਼ ਕਰ ਰਿਹਾ ਹੈ।ਅੰਮ੍ਰਿਤ ਸਿੰਘ ਇਸ ਵੇਲੇ ਐੱਨਸੀਟੀਜੇ ਦਾ ਡਿਪਲੋਮਾ ਵੀ ਕਰ ਰਿਹਾ ਹੈ ਤਾਂ ਜੋ ਉਹ ਆਪਣੇ ਇਸ ਕਰੀਅਰ ਵਿਚ ਹੋਰ ਅੱਗੇ ਵੱਧ ਸਕੇ ਤੇ ਮੀਡੀਆ ਲਾਈਨ ਵਿਚ ਲੋਕਾਂ ਨੂੰ ਜਾਗਰੂਕ ਕਰ ਸਕੇ। ਅੰਮ੍ਰਿਤ ਸਿੰਘ ਮਾਨ ਨੇ ਮੀਡੀਆ ਇੰਡਸਟਰੀ ਵਿਚ ਯੰਗ ਇਨਸਪੀਰੇਸ਼ਨ ਦਾ ਅਵਾਰਡ ਵੀ ਜਿੱਤਿਆ ਹੈ ਤੇ ਉਸ ਨੂੰ ਯੂਕੇ ਦੇ ਸਕੂਲਾਂ ਵਿਚ ਡਾਇਵਰਸਟੀ ਨੂੰ ਪ੍ਰਫੁਲਿੱਤ ਕਰਨ ਲਈ ਵਿਸ਼ੇਸ਼ ਤੌਰ 'ਤੇ ਭਾਸ਼ਣ ਦੇਣ ਲਈ ਵੀ ਬੁਲਾਇਆ ਜਾਂਦਾ ਹੈ।


ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ ਐਂਡ ਪਾਰਟੀ

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:

604.401.9335
604.379.9572
778.593.9335





ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ: 604-518-3637

ਜਾਂ ਈਮੇਲ ਕਰੋ hssandhupcs@gmail.com





FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102



MB BRAR & Co.
Accounting & Business Professionals

INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਊਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca





Continental Immigration Solutions
"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

Sukhvir Chand
RCIC, BBA
sukh@cisonline.ca

778-549-6851

www.cisonline.ca
Commissioner of Oaths for British Columbia
Member of CAPIC

iccrc crcic


Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

# ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਜਗਮੀਤ ਸਿੰਘ ਨਾਲ ਮੁਲਾਕਾਤ




ਰਿਚਮਿੰਡ (ਜੁਲਾਈ 29,2022) ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਤਕਰੀਬਨ 30 ਸਾਲ ਤੋਂ ਮਾਂ ਬੋਲੀ ਪੰਜਾਬੀ ਦੀ ਉੱਨਤੀ ਲਈ ਕੋਸ਼ਿਸ਼ਾਂ ਕਰ ਰਹੀ ਹੈ। ਸਾਡੀਆਂ ਕੋਸ਼ਿਸ਼ਾਂ ਨੂੰ ਭਾਈਚਾਰੇ ਵਿਚੋਂ ਵੀ ਸਾਨੂੰ ਕਾਫੀ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ। ਸਾਡੇ ਭਾਈਚਾਰੇ ਦੀ ਗਿਣਤੀ ਵਧਨ ਕਾਰਨ ਇਸ ਵੇਲੇ ਕਾਫੀ ਸ਼ਹਿਰਾਂ ਵਿਚ ਪੰਜਾਬੀ ਰੁਜਗਾਰ ਦੀ ਭਾਸ਼ਾ ਭੀ ਬਣ ਗਈ ਹੈ। ਇਸੇ ਤਰ੍ਹਾਂ ਕਾਫੀ ਸਕੂਲਾਂ ,ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪੰਜਾਬੀ ਦੀਆਂ ਕਲਾਸਾਂ ਚਾਲੂ ਹਨ। ਸਾਡੇ ਹਸਪਤਾਲਾਂ, ਸਿਟੀ ਹਾਲਾਂ, ਬੈਂਕਾਂ, ਕਰੈਡਿਟ ਜੂਨੀਅਨਾਂ ਅਤੇ ਕਾਰੋਬਾਰਾਂ ਵਿਚ "ਅਸੀਂ ਪੰਜਾਬੀ ਬੋਲਦੇ ਹਾਂ" ਦੇ ਸਾਈਨ ਲੱਗੇ ਹੋਏ ਹਨ। ਵੈਨਕੋਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਭੀ ਪੰਜਾਬੀ ਵਿਚ ਲਿਖੇ ਬੋਰਡ ਪੰਜਾਬੀ ਦੀ ਸ਼ੋਭਾ ਵਧਾਉਂਦੇ ਹਨ । ਇਸ ਵਿਚ ਕੋਈ ਸ਼ਕ ਨਹੀਂ ਕਿ ਪਲੀਅ ਦੀਆਂ ਅਤੇ ਭਾਈਚਾਰੇ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਪੰਜਾਬੀ ਦੀ ਕੈਨੇਡਾ ਅਤੇ ਖਾਸ ਕਰ ਬੀ.ਸੀ. ਵਿਚ ਕਾਫੀ ਤਰੱਕੀ ਹੋਈ ਹੈ ਪਰ ਹਾਲੇ ਭੀ ਸਾਡੇ ਲਈ ਬਹੁਤ ਕੁਝ ਹੋਰ ਕਰਨ ਦੀ ਲੋੜ ਹੈ। ਇਸ ਮੰਤਵ ਲਈ 22 ਜੁਲਾਈ ,ਦਿਨ ਸ਼ੁਕਰਵਾਰ, ਪਲੀਅ ਵਲੋਂ ਦਾਸ(ਬਲਵੰਤ ਸਿੰਘ ਸੰਘੇੜਾ), ਸਾਧੂ ਬਿਨਿੰਗ, ਰਾਜਿੰਦਰ ਪੰਧੇਰ, ਰਨਵੀਰ ਜੌਹਲ, ਪਾਲ ਬਿਨਿੰਗ, ਕਮਲਜੀਤ ਕੰਬੋ ਅਤੇ ਹਰਮਨ ਪੰਧੇਰ, ਐਨ.ਡੀ.ਪੀ. ਦੇ ਨੈਸ਼ਨਲ ਲੀਡਰ ਜਗਮੀਤ ਸਿੰਘ ਨੂੰ ਮਿਲੇ। ਸਾਡਾ ਮੁਖ ਮੰਤਵ ਉਹਨਾਂ ਨੂੰ ਨੈਸ਼ਨਲ ਲੈਵਲ ਉਪਰ ਮਾਂ ਬੋਲੀ ਪੰਜਾਬੀ ਨੂੰ ਮਾਣਤਾ ਦਿਵਾਉਣ ਵਾਰੇ ਮਦਦ ਅਤੇ ਸੁਝਾ ਲੈਣ ਦਾ ਸੀ। ਇਸ ਪੱਖੋਂ ਇਹ ਮੀਟਿੰਗ ਬਹੁਤ ਸਫਲ ਰਹੀ। ਸਾਡੀ ਗਲ ਸੁਨਣ ਬਾਅਦ ਜਗਮੀਤ ਸਿੰਘ ਹੁਰਾਂ ਨੇ ਇਸ ਵਾਰੇ ਬਹੁਤ ਚੰਗੇ ਸੁਝਾ ਦਿੱਤੇ। ਇਸ ਲਈ ਅਸੀਂ ਉਹਨਾਂ ਦੇ ਬਹੁਤ ਧਨਵਾਦੀ ਹਾਂ। ਛੇਤੀ ਹੀ ਅਸੀਂ ਜਗਮੀਤ ਸਿੰਘ ਹੁਰਾਂ ਨਾਲ ਇਸ ਮਸਲੇ ਸਬੰਧੀ ਹੋਰ ਵਿਚਾਰ ਵਟਾਂਦਰਾ ਕਰਨ ਲਈ ਫਿਰ ਮਿਲਾਂਗੇ।

**ਬਲਵੰਤ ਸਿੰਘ ਸੰਘੇੜਾ ਪ੍ਰਧਾਨ, ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ)**


# PROTEST - 11 AM TO 1 PM

## PLEASE JOIN

# MONDAY 15TH AUGUST

## EVENT AT

## INDIAN HIGH COMMISSION IN VANCOUVER

## Event @ 325 Howe St #201, Vancouver, BC V6C 1Z7











## SAMOOH SANGAT OF LOWER MAINLAND



# Home Improvement


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- BOARDING
- TEXTURED CEILINGS
- STEEL STUD
- KITCHEN-BATHROOM
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

Your's Complete Home Renovation

- ਫਰੇਮਿੰਗ
- ਇਲੈਕਟ੍ਰੀਕਲ
- ਡਰਾਈਵਾਲ
- ਪਲਬਿੰਗ
- ਪੇਂਟਿੰਗ
- ਕਾਰਪੈਟ
- ਟਾਈਲਜ਼
- ਰੂਫਿੰਗ ਦਾ ਕੰਮ
- ਲੈਮੀਨੇਟ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ: 604-725-6270**

## KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

FREE ESTIMATES

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ। ਕੰਮ ਹਫਤੇ ਵਿਚ 6 ਦਿਨ ਚੱਲੇਗਾ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**

king73renoltd@gmail.com www.king73reno.com


## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

## ਲੱਖੀ ਰੈਨੋਵੇਸ਼ਨ

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੌਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir **778.320.9413**

sanjeevkumarsk52@gmail.com

# HOME IMPROVEMENT

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



**GURJIT**
CERTIFIED TECHNICIAN
(24Hrs)

**Off: 604-543-6239**
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

**Cell: 604-351-2538**
**Tel:604-596-5474**



MANJIT

CLASS "A" CERTIFIED & LICENCED ELECTRICIANS

## SINGH RAJ

RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**


## Ambrosia Renovation


Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**Sunny : 778-951-1699**

## J&J FRESH LOOK HOMES LTD.



**We Built Custom Homes**

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

**J&J FRAMING LTD**
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
**604.832.9308**
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
**Free Estimate**

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਸੰਗਤਾਂ 'ਚ ਢਾਡੀ ਜਦੋਂ ਰਵਾਇਤੀ ਨਿਰਧਾਰਤ ਢਾਡੀ ਰਾਗ ਛੱਡ ਕੇ ਫਿਲਮੀ ਧੁਨਾਂ ਜਾਂ ਚਲੰਤ ਪੰਜਾਬੀ ਗੀਤਾਂ ਦੀਆਂ ਧੁਨਾਂ 'ਤੇ ਗਾਉਣ ਤਾਂ ਕੀ ਹੋਣਗੇ ਨਤੀਜੇ?

ਢਾਡੀ ਵਾਰਾਂ ਦੀਆਂ ਨਿਰਧਾਰਤ ਧੁਨਾਂ ਛੱਡ ਕੇ, ਫਿਲਮੀ ਤਰਜ਼ਾਂ ਤੇ ਗਾਉਣ ਦੇ ਲਈ ਹੱਲਾਸ਼ੇਰੀ ਦੇਣਾ ਗ਼ਲਤ ਹੀ ਨਹੀਂ, ਇਤਿਹਾਸਕ ਗੁਸਤਾਖ਼ੀ ਵੀ ਹੈ। ਚਾਹੇ ਤਰਸੇਮ ਸਿੰਘ ਮੋਰਾਂਵਾਲੀ ਨਾਲ ਕੀਤੀ ਗੱਲਬਾਤ 8 ਸਾਲ ਤੋਂ ਵੱਧ ਸਮਾਂ ਪੁਰਾਣੀ ਹੈ, ਪਰ ਇਹ ਗੱਲਾਂ ਅੱਜ ਵੀ ਢੁੱਕਦੀਆਂ ਹਨ। ਮੋਰਾਂਵਾਲੀ ਦਾ ਕਹਿਣਾ ਕਿ ਚੁਰਾਸੀ ਦੇ ਸ਼ਹੀਦੀ ਸਾਕੇ ਬਾਰੇ ਗੀਤ "ਨਹੀਂਓ ਭੁੱਲਣਾ ਚੁਰਾਸੀ ..ਸਾਰੇ ਦੁੱਖ ਭੁੱਲ ਜਾਣਗੇ" (ਤਰਜ਼ - ਨਹੀਓਂ ਭੁੱਲਣਾ ਵਿਛੋੜਾ ਮੈਨੂੰ ਤੇਰਾ ਨੀ ਸਾਰੇ ਦੁੱਖ ਭੁੱਲ ਜਾਣਗੇ) ਇਹ ਬੜਾ ਮਕਬੂਲ ਹੋਇਆ, ਗਲਤ ਪਿਰਤ ਹੈ। ਮੈਨੂੰ ਦਰਬਾਰ ਸਾਹਿਬ ਦੇ ਪ੍ਰਸਿੱਧ ਕੀਰਤਨੀਏ ਦੀ ਗੱਲ ਚੇਤੇ ਆਈ। ਉਨ੍ਹਾਂ ਦੱਸਿਆ ਕਿ ਕਿਸੇ ਅਨੰਦ ਕਾਰਜ ਮੌਕੇ ਉਸ ਨੂੰ ਪਰਿਵਾਰ ਵੱਲੋਂ ਵਿਸ਼ੇਸ਼ ਤੌਰ 'ਤੇ ਕਿਹਾ ਗਿਆ ਕਿ "ਵਿਆਹੁ ਹੋਆ ਮੇਰੇ ਬਾਬੁਲਾ..॥" ਸ਼ਬਦ ਹਿੰਦੀ ਗੀਤ ਦੀ ਤਰਜ਼ 'ਤੇ ਪੜ੍ਹਿਆ ਜਾਏ ਜੋ ਕਿ.." ਬਾਬੁਲ ਕੀ ਦੁਆਏਂ ਲੇਤੀ ਜਾ ਜਾਹ ਤੁਝ ਕੋ ਸੁਖੀ ਸੰਸਾਰ ਮਿਲੇ.." ਇਹ ਸੁਣ ਕੇ ਰਾਗੀ ਸਿੰਘ ਨੇ ਪਰਿਵਾਰ ਨੂੰ ਕਿਹਾ ਕਿ ਫਿਰ ਸ਼ਬਦ ਪੜ੍ਹਾਉਣ ਦੀ ਕੀ ਲੋੜ ਹੈ, ਉਹ ਗੀਤ ਹੀ ਗਵਾ ਦਿਓ, ਝਲਕਣਾ ਤਾਂ ਉਹੀ ਹੈ। ਇਹ ਸੱਚਾਈ ਹੈ ਕਈ ਵਾਰ ਲੋਕ ਵੀ ਮੰਗ ਕਰਦੇ ਹਨ, ਪਰ ਇੱਥੇ ਫ਼ਰਜ਼ ਬਣਦਾ ਹੈ ਢਾਡੀ ਜਥਿਆਂ, ਕੀਰਤਨੀਆਂ ਦਾ ਕਿ ਉਹ ਸਖ਼ਤੀ ਨਾਲ ਇਸ ਦਾ ਵਿਰੋਧ ਕਰਨ, ਨਾ ਕਿ ਡਾਲਰਾਂ, ਪੌਂਡਾਂ ਅਤੇ ਰੁਪਈਆਂ ਦੀ ਭੁੱਖ ਵਿੱਚ ਸਿੱਖ ਮਰਯਾਦਾ ਦੀ ਗੱਲ ਨੂੰ ਅੱਖੋਂ ਪਰੋਖੇ ਕਰਕੇ, ਪਰਿਵਾਰ ਜੋ ਕਹੇ ਉਸ ਨੂੰ ਮੰਨ ਲੈਣ। ਇਹ ਸਵਾਲ ਮੈਂ ਮੋਰਾਂਵਾਲੀ ਤੋਂ ਵੀ ਪੁੱਛਿਆ ਸੀ ਕਿ ਅਕਾਲ ਤਖ਼ਤ ਦੀ ਮਰਿਆਦਾ ਅਨੁਸਾਰ ਫਿਲਮੀ ਤਰਜ਼ਾਂ 'ਤੇ ਕੀਰਤਨ ਕਰਨਾ ਜਾਂ ਢਾਡੀ ਵਾਰਾਂ ਗਾਉਣੀਆਂ ਜਾਇਜ਼ ਹਨ ਜਾਂ ਨਹੀਂ? ਪਰ ਉਹ ਉੱਤਰ ਨਾ ਦੇ ਸਕੇ। ਹੋਰ ਵੀ ਅਜਿਹੇ ਕਈ ਮਸਲੇ ਹਨ, ਜਿਵੇਂ ਕਿ ਮੋਰਾਂਵਾਲੀ ਦਾ ਇਹ ਕਹਿਣਾ ਕਿ ਅਜਿਹੇ ਮਸ਼ਹੂਰ ਗੀਤਾਂ ਦੀ ਤਰਜ਼ 'ਤੇ ਗਾਉਣ ਨਾਲ ਲੋਕ " ਢਾਡੀਆਂ ਦੀ ਵੀ ਆਟੋਗ੍ਰਾਫ ਲੈਂਦੇ ਹਨ, ਢਾਡੀ ਮਕਬੂਲ ਹੋਏ ਹਨ" ਆਦਿ। ਇਹ ਗ਼ਲਤ ਹੈ, ਸੱਚ ਤਾਂ ਇਹ ਹੈ ਕਿ ਪੰਥ ਦੇ ਢਾਡੀ ਪਹਿਲਾਂ ਵੀ ਮਕਬੂਲ ਸਨ, ਪਰ ਢਾਡੀ ਵਾਰਾਂ ਲਈ ਨਿਰਧਾਰਤ ਧੁਨਾਂ ਅਤੇ ਕੀਰਤਨ ਲਈ ਨਿਰਧਾਰਤ ਰਾਗ ਹੀ ਸਹੀ ਹਨ। ਨਿਰਧਾਰਿਤ ਧੁਨਾਂ ਛੱਡਣੀਆਂ ਗ਼ਲਤ ਹਨ। ਅਜੋਕੇ ਸਿੱਖ ਪ੍ਰਚਾਰਕ ਸਿੱਖ ਰਹਿਤ ਮਰਿਆਦਾ ਨੂੰ ਵੀ ਲਗਾਤਾਰ ਅੱਖੋਂ ਪਰੋਖੇ ਕਰਦੇ ਹਨ।



**-ਡਾ. ਗੁਰਵਿੰਦਰ ਸਿੰਘ**

# ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ





ਸ਼ਹੀਦੇ-ਆਜ਼ਮ ਸਰਦਾਰ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸਨੇ ਗ਼ੁਲਾਮੀ ਦੀਆਂ ਜੰਜੀਰਾਂ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਗਰੀਬ ਪਰਿਵਾਰ 'ਚ ਜਨਮੇ ਊਧਮ ਸਿੰਘ (ਪਹਿਲਾਂ ਨਾਂ ਸ਼ੇਰ ਸਿੰਘ) ਬਚਪਨ ਵਿੱਚ ਹੀ ਮਾਤਾ ਅਤੇ ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ, ਸੇਵਾ ਤੇ ਸ਼ਹਾਦਤ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ।

ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਚੁਕਾਉਣ ਲਈ ਊਧਮ ਸਿੰਘ ਨੇ 21 ਸਾਲ ਮਗਰੋਂ, 13 ਮਾਰਚ 1940 ਨੂੰ ਲੰਡਨ ਵਿੱਚ ਜ਼ਾਲਮ ਓਡਵਾਇਰ ਨੂੰ ਸੋਧਿਆ। ਸਿਤਮਜ਼ਰੀਫੀ ਇਹ ਸੀ ਕਿ ਇਕ ਪਾਸੇ ਪਟਿਆਲੇ ਵਾਲਾ ਰਾਜਾ ਤੇ ਮਜੀਠੀਏ ਡਾਇਰ- ਓਡਵਾਇਰ ਆਦਿ ਨੂੰ ਦਾਅਵਤਾਂ ਦੇ ਰਹੇ ਸੀ, ਦੂਜੇ ਪਾਸੇ ਸ਼ਹੀਦ ਊਧਮ ਸਿੰਘ ਜਾਨ ਦੀ ਬਾਜ਼ੀ ਲਾ ਕੇ ਉਡਵਾਇਰ ਨੂੰ ਸੋਧਣ ਲਈ ਤੱਤਪਰ ਸੀ। ਊਧਮ ਸਿੰਘ ਉਰਫ਼ ਮੁਹੰਮਦ ਸਿੰਘ ਆਜ਼ਾਦ ਨੇ 31 ਜੁਲਾਈ 1940 ਨੂੰ ਲੰਡਨ 'ਚ ਫਾਂਸੀ ਦਾ ਰੱਸਾ ਚੁੰਮਦਿਆਂ ਸ਼ਹੀਦੀ ਪਾਈ। ਸ਼ਹੀਦ ਊਧਮ ਸਿੰਘ ਸਭ ਤੋਂ ਪਹਿਲਾਂ ਗੁਰਬਾਣੀ ਤੋਂ ਪ੍ਰਭਾਵਿਤ ਸੀ, ਫਿਰ ਉਸ ਨੇ ਗ਼ਦਰ ਲਹਿਰ ਤੋਂ ਅਤੇ ਉਸਤੋਂ ਮਗਰੋਂ ਬੱਬਰ ਅਕਾਲੀ ਲਹਿਰ ਤੇ ਵੀ ਪ੍ਰਭਾਵ ਕਬੂਲਿਆ। ਉਸ ਨੇ ਫਾਂਸੀ ਸਮੇਂ ਆਪਣੇ ਪੱਤਰ ਵਿਚ ਆਰੰਭ ਇਕ ਓਂਕਾਰ ਨਾਲ ਕੀਤਾ ਅਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਲੰਡਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਅਕਸਰ ਲੰਗਰ ਦੀ ਸੇਵਾ ਕਰਦਾ। ਸਟਾਕਟਨ ਵਿਖੇ ਵੀ ਉਸ ਦਾ ਗੁਰਦੁਆਰਾ ਸਾਹਿਬ ਜੇ ਗ੍ਰੰਥੀ ਸਿੰਘ ਨਾਲ ਡੂੰਘਾ ਪਿਆਰ ਸੀ ਅਤੇ ਉਸ ਨੂੰ ਲਿਖੀਆਂ ਚਿੱਠੀਆਂ ਵੀ ਮਿਲਦੀਆਂ ਹਨ। ਇਸ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਆਪਣੇ ਸਮਕਾਲੀ ਸ਼ਹੀਦ ਭਗਤ ਸਿੰਘ ਤੋਂ ਵੀ ਪ੍ਰਭਾਵਿਤ ਸੀ। ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਦੋ ਫ਼ਿਲਮਾਂ ਐਲੀਫੈਂਟ ਦਾ ਥੀਫ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ, ਜਿਸ ਦੀਆਂ ਤਸਵੀਰਾਂ ਮਿਲਦੀਆਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ "ਮੁਹੰਮਦ ਸਿੰਘ ਆਜ਼ਾਦ" ਸੀ, ਪਰ ਅੱਜਕੱਲ੍ਹ ਫਾਸ਼ੀਵਾਦੀ ਅਤੇ ਆਰ.ਐਸ ਐਸ ਦੇ ਏਜੰਡੇ ਅਨੁਸਾਰ "ਰਾਮ ਮੁਹੰਮਦ ਸਿੰਘ ਆਜ਼ਾਦ! ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ। ਮਹਾਨ ਯੋਧੇ ਸ਼ਹੀਦ ਊਧਮ ਸਿੰਘ ਬਨਾਮ ਮੁਹੰਮਦ ਸਿੰਘ ਆਜ਼ਾਦ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ:

ਲੰਡਨ ਬਸਤੀਵਾਦ ਦਾ ਜਦ ਹੁੰਦਾ ਸੀ ਗੜ੍ਹ।
ਊਧਮ ਸਿੰਘ ਸਰਦਾਰ ਨੇ ਤਦ ਭੰਨੀ ਸੀ ਤੜ੍ਹ।

**ਡਾ.ਗੁਰਵਿੰਦਰ ਸਿੰਘ**

# 'ਅਗਨੀਪਥ' ਯੋਜਨਾ ਖ਼ਿਲਾਫ਼ ਮੁਹਿੰਮ 7 ਅਗਸਤ ਤੋਂ:ਟਿਕੈਤ

ਨੋਇਡਾ:-ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਉਸ ਦੀ ਜਥੇਬੰਦੀ ਕੇਂਦਰ ਦੀ ਨਵੀਂ ਫ਼ੌਜੀ ਭਰਤੀ ਯੋਜਨਾ 'ਅਗਨੀਪਥ' ਖ਼ਿਲਾਫ਼ ਸੱਤ ਅਗਸਤ ਤੋਂ ਮੁਹਿੰਮ ਸ਼ੁਰੂ ਕਰੇਗੀ। ਉਹ ਪੱਛਮੀ ਉਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਟਿਕਰੀ ਇਲਾਕੇ ਵਿੱਚ ਕਿਸਾਨਾਂ ਦੀ ਇੱਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਟਿਕੈਤ ਨੇ ਜ਼ਮੀਨ ਐਕੁਆਇਰ, ਬਿਜਲੀ ਕਰ ਅਤੇ ਗੰਨਾ ਬਕਾਇਆ ਨਾਲ ਸਬੰਧਿਤ ਮੁੱਦੇ ਵੀ ਉਠਾਏ।


Rai
EXPRESS LINES LTD.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ।

ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ।

ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579




ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**
**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।

ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕੱਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।

- ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।
- ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।
- ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।
- ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।







# ਆਜ਼ਾਦੀ ਦੇ 75 ਸਾਲ:ਕੀ ਭਾਰਤ 'ਹਿੰਦੂ ਰਾਸ਼ਟਰ' ਬਣਨ ਵੱਲ ਵਧ ਰਿਹਾ ਹੈ?

ਨਵੀਂ ਦਿੱਲੀ (ਜ਼ੁਬੈਰ ਅਹਿਮਦ ਬੀਬੀਸੀ ਪੱਤਰਕਾਰ) ਸੰਨ 712 ਵਿੱਚ ਇੱਕ ਨੌਜਵਾਨ ਮੁਸਲਮਾਨ ਸ਼ਾਸਕ ਨੇ ਭਾਰਤੀ ਸੂਬੇ ਸਿੰਧ 'ਤੇ ਗਹਿਗੱਚ ਲੜਾਈ ਦੇ ਬਾਅਦ ਕਬਜ਼ਾ ਕਰ ਲਿਆ। ਭਾਵੇਂ ਇਹ ਇਲਾਕਾ ਤਾਂ ਬਹੁਤ ਛੋਟਾ ਸੀ, ਪਰ ਇਸ ਹਾਰ ਦੇ ਨਤੀਜੇ ਬੇਹੱਦ ਦੂਰਗਾਮੀ ਸਾਬਤ ਹੋਏ। ਇਤਿਹਾਸਕਾਰਾਂ ਮੁਤਾਬਕ ਇਹ ਭਾਰਤੀ ਉਪ ਮਹਾਂਦੀਪ ਦੇ ਇਤਿਹਾਸ ਵਿੱਚ ਅਹਿਮ ਮੋੜ ਸਾਬਤ ਹੋਇਆ।ਇਸ ਜੰਗ ਤੋਂ ਬਾਅਦ ਇਸਲਾਮਿਕ ਸੱਭਿਆਚਾਰ ਦਾ ਪੁਰਾਤਨ ਵੈਦਿਕ ਸੱਭਿਆਚਾਰ ਨਾਲ ਸੰਪਰਕ ਹੋਇਆ ਅਤੇ ਜਿਸ ਮਗਰੋਂ ਇਸਲਾਮ ਪੂਰੇ ਮਹਾਂਦੀਪ ਵਿੱਚ ਫੈਲਿਆ।ਹਾਲਾਂਕਿ ਭਾਰਤ ਦੀ ਧਰਤੀ 'ਤੇ ਕਦਮ ਰੱਖਣ ਵਾਲੇ ਪਹਿਲੇ ਮੁਸਲਮਾਨ ਕੇਰਲ ਵਿੱਚ ਆਉਣ ਵਾਲੇ ਵਪਾਰੀ ਸਨ, ਇਬਾਦਤ ਲਈ ਭਾਰਤ ਦੀ ਪਹਿਲੀ ਮਸਜਿਦ ਬਣਾਈ ਗਈ ਸੀ, ਇਹ ਉਹ ਦੌਰ ਸੀ ਜਦੋਂ ਹਜ਼ਰਤ ਮੁਹੰਮਦ ਜਿਉਂਦੇ ਸਨ।

17 ਸਾਲਾ ਮੁਸਲਿਮ ਸ਼ਾਸਕ ਮੁਹੰਮਦ ਬਿਨ ਕਾਸਿਮ ਨੂੰ ਉਦੋਂ ਸ਼ਾਇਦ ਇਸ ਦਾ ਅੰਦਾਜ਼ਾ ਨਹੀਂ ਹੋਵੇਗਾ ਕਿ ਉਨ੍ਹਾਂ ਦੀ ਇਹ ਜਿੱਤ ਸਦੀਆਂ ਤੋਂ ਚੱਲੇ ਆ ਰਹੇ ਸਿਆਸੀ ਤੇ ਸੱਭਿਆਚਾਰਕ ਪ੍ਰਬੰਧ ਦੀਆਂ ਜੜ੍ਹਾਂ ਹਿਲਾ ਦੇਣ ਵਾਲੀ ਸਾਬਤ ਹੋਵੇਗੀ।ਉਸ ਤੋਂ ਬਾਅਦ ਇਤਿਹਾਸ ਦੀਆਂ ਕਈ ਗਲੀਆਂ ਤੋਂ ਗੁਜ਼ਰਦੇ ਹੋਏ ਭਾਰਤ ਨੇ ਇੱਕ ਦਿਲਚਸਪ ਸਫ਼ਰ ਤੈਅ ਕੀਤਾ ਹੈ। ਵੀਹਵੀਂ ਸਦੀ ਵਿੱਚ ਉਸ ਨੇ ਇੱਕ ਅਜਿਹੇ ਸੰਵਿਧਾਨ ਨੂੰ ਅਪਣਾਇਆ, ਜੋ ਉਸ ਨੂੰ ਇੱਕ ਧਰਮਨਿਰਪੱਖ ਰਾਸ਼ਟਰ ਦਾ ਸਵਰੂਪ ਦਿੰਦਾ ਹੈ। ਕੀ ਇੱਕੀਵੀਂ ਸਦੀ ਵਿੱਚ ਉਹ ਬਦਲਣ ਦੀ ਕਗਾਰ 'ਤੇ ਹੈ?

2014 ਵਿੱਚ ਸ਼ਾਨਦਾਰ ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਵਿੱਚ ਆਪਣੇ ਪਹਿਲੇ ਸੰਬੋਧਨ ਦੌਰਾਨ 'ਸਦੀਆਂ ਦੀ ਗੁਲਾਮੀ' ਪ੍ਰਤੀ ਦੁੱਖ ਪ੍ਰਗਟਾਇਆ ਸੀ।ਉਨ੍ਹਾਂ ਨੇ ਇਤਿਹਾਸ ਨੂੰ ਵਿਸਥਾਰ ਦਿੰਦੇ ਹੋਏ ਕਿਹਾ ਸੀ, ''1200 ਸਾਲ ਦੀ ਗੁਲਾਮੀ ਭਰੀ ਮਾਨਸਿਕਤਾ ਸਾਨੂੰ ਪਰੇਸ਼ਾਨ ਕਰ ਰਹੀ ਹੈ।'' ਹਾਲਾਂਕਿ ਇਤਿਹਾਸਕਾਰਾਂ ਨੇ ਹਮੇਸ਼ਾ ਬ੍ਰਿਟਿਸ਼ ਸ਼ਾਸਨ ਦੇ 200 ਸਾਲਾਂ ਨੂੰ ਹੀ ਗੁਲਾਮੀ ਦਾ ਕਾਲ ਦੱਸਿਆ ਹੈ।

ਪਰ ਸੱਜੇ ਪੱਖੀ ਵਿਚਾਰਧਾਰਾ ਦੇ ਲੋਕਾਂ ਦੀ ਪ੍ਰਧਾਨ ਮੰਤਰੀ ਮੋਦੀ ਦੀ ਰਾਇ ਨਾਲ ਸਹਿਮਤੀ ਦਿਖੀ, ਜਿਸ ਮੁਤਾਬਕ ਭਾਰਤ ਸਦੀਆਂ ਤੱਕ ਗੁਲਾਮ ਰਿਹਾ ਅਤੇ ਇਸ ਵਿੱਚ ਕਰੀਬ ਇੱਕ ਹਜ਼ਾਰ ਸਾਲ ਦੀ ਗੁਲਾਮੀ ਮੁਸਲਮਾਨ ਸ਼ਾਸਕਾਂ ਦੇ ਅਧੀਨ ਰਹੀ।ਇਸ ਨਾਲ ਇਹ ਸਿੱਟਾ ਕੱਢਿਆ ਗਿਆ ਕਿ ਮੁਸਲਮਾਨ ਸ਼ਾਸਕਾਂ ਦੇ ਆਉਣ ਤੋਂ ਪਹਿਲਾਂ ਭਾਰਤ ਵਿਦੇਸ਼ੀ ਪ੍ਰਭਾਵਾਂ ਤੋਂ ਮੁਕਤ ਇੱਕ 'ਹਿੰਦੂ ਰਾਸ਼ਟਰ' ਸੀ।

ਭਾਵੇਂ ਕਿ ਪੁਰਾਤਨ ਭਾਰਤ ਵਿੱਚ ਬੋਧੀਆਂ ਦਾ ਵੀ ਸ਼ਾਸਨ ਸੀ, ਪਰ ਉਹ ਵਿਦੇਸ਼ੀ ਨਹੀਂ ਸਨ। ਹਿੰਦੂਤਵਵਾਦੀ ਵਿਚਾਰਕ ਸਾਵਰਕਰ ਅਤੇ ਗੋਲਵਲਕਰ ਦਾ ਮੰਨਣਾ ਸੀ ਕਿ 'ਹਿੰਦੂ ਰਾਸ਼ਟਰ' ਦਾ ਵਿਚਾਰ ਪੁਰਾਤਨ ਕਾਲ ਤੋਂ ਹੀ ਰਿਹਾ ਹੈ।

ਰਾਸ਼ਟਰੀ ਸਵੈ ਸੇਵਕ ਸੰਘ ਦੇ ਵਿਚਾਰਕ ਅਤੇ ਰਾਜ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਪ੍ਰੋਫੈਸਰ ਰਾਕੇਸ਼ ਸਿਨਹਾ ਦਾ ਕਹਿਣਾ ਹੈ, ''ਹਿੰਦੂ ਰਾਸ਼ਟਰ, ਭਾਰਤੀ ਸੱਭਿਅਤਾ ਅਤੇ ਸੱਭਿਆਚਾਰ ਦੀ ਸ਼ੁਰੂਆਤ ਤੋਂ ਹੀ ਭਾਰਤ ਦੀ ਖਾਸੀਅਤ ਰਿਹਾ ਹੈ ਅਤੇ ਇਹ ਭਾਰਤ ਦੀ ਵਿਰਾਸਤ, ਵਰਤਮਾਨ ਅਤੇ ਭਵਿੱਖ ਹੈ।

ਹਿੰਦੂਤਵ 'ਤੇ ਮੁਹਾਰਤ ਰੱਖਣ ਵਾਲੀ ਅਮਰੀਕੀ ਵਿਦਵਾਨ ਪ੍ਰੋਫ਼ੈਸਰ ਵੈਂਡੀ ਡੋਨਿਗਰ, ਪ੍ਰਾਚੀਨ ਭਾਰਤ ਵਿੱਚ 'ਹਿੰਦੂ ਰਾਸ਼ਟਰ' ਦੀ ਧਾਰਨਾ ਨੂੰ ਖਾਰਜ ਕਰਦੇ ਹਨ।ਪ੍ਰੋਫ਼ੈਸਰ ਡੋਨਿਗਰ ਨੇ ਬੀਬੀਸੀ ਨਾਲ ਗੱਲ ਕਰਦੇ ਹੋਏ ਕਿਹਾ, ''ਭਾਰਤ ਕਦੇ ਵੀ ਹਿੰਦੂ ਰਾਸ਼ਟਰ ਨਹੀਂ ਸੀ। ਵੈਦਿਕ ਕਾਲ ਵਿੱਚ ਵੀ, ਭਾਰਤ ਦੇ ਛੋਟੇ ਜਿਹੇ ਹਿੱਸੇ ਵਿੱਚ ਵੈਦਿਕ ਰੀਤੀ ਰਿਵਾਜਾਂ ਨਾਲ ਪੂਜਾ ਅਰਚਨਾ ਹੁੰਦੀ ਸੀ। ਉਦੋਂ ਵੀ ਦੂਜੇ ਧਰਮਾਂ (ਬੋਧੀ, ਜੈਨ, ਈਸਾਈ ਅਤੇ ਇਸਲਾਮ) ਦੇ ਇਲਾਵਾ ਹਿੰਦੂਆਂ ਵਿੱਚ ਅਲੱਗ-ਅਲੱਗ ਦੇਵੀ ਦੇਵਤਿਆਂ ਨੂੰ ਮੰਨਣ ਵਾਲੇ ਸਨ।''

''ਹਿੰਦੂਆਂ ਵਿੱਚ ਅਲੱਗ-ਅਲੱਗ ਪੂਜਾ ਅਰਚਨਾ ਦੇ ਰੂਪ ਮੌਜੂਦ ਸਨ ਅਤੇ ਇਹੀ ਵਜ੍ਹਾ ਸੀ ਕਿ ਕਈ ਵਿਸ਼ਲੇਸ਼ਕ ਹਿੰਦੂ ਨੂੰ ਇੱਕ ਧਰਮ ਦੇ ਤੌਰ 'ਤੇ ਨਹੀਂ ਦੇਖਦੇ ਸਨ। ਜਦੋਂ ਭਾਰਤ ਵਿੱਚ ਦੂਜੇ ਧਰਮਾਂ ਅਤੇ ਸੰਸਕ੍ਰਿਤੀਆਂ ਦਾ ਪ੍ਰਵੇਸ਼ ਹੋਇਆ ਤਾਂ ਹਿੰਦੂਆਂ ਦੀਆਂ ਅਲੱਗ-ਅਲੱਗ ਵਿਚਾਰਧਾਰਾਵਾਂ ਕਮਜ਼ੋਰ ਨਹੀਂ ਹੋਈਆਂ, ਬਲਕਿ ਹੋਰ ਮਜ਼ਬੂਤ ਹੋਈਆਂ। ਇਸ ਲਈ ਇਹ ਪੂਰਾ ਤਰਕ ਹੀ ਬੇਤੁਕਾ ਹੈ।''ਪਰ ਪੁਰਾਤਨ ਭਾਰਤ ਦੀ ਇਤਿਹਾਸਕਾਰ ਸ਼ੋਨਾਲੀਕਾ ਕੌਲ ਦਾ ਮੰਨਣਾ ਹੈ ਕਿ ਪੁਰਾਤਨ ਕਾਲ ਵਿੱਚ 'ਹਿੰਦੂ ਰਾਸ਼ਟਰ' ਦੀ ਹੋਂਦ ਸੀ।

ਹੁਣ ਸਵਾਲ ਇਹ ਹੈ ਕਿ 'ਹਿੰਦੂ ਰਾਸ਼ਟਰ' ਦਾ ਵਿਚਾਰ ਮੂਲ ਰੂਪ ਵਿੱਚ ਕਿਵੇਂ ਆਇਆ, ਜਿਸ 'ਤੇ ਹੁਣ ਚਰਚਾ ਇੰਨੀ ਗਰਮ ਹੈ। ਕੀ ਭਾਰਤ ਦੇ 'ਹਿੰਦੂ ਰਾਸ਼ਟਰ' ਵਿੱਚ ਤਬਦੀਲ ਹੋਣ ਦੇ ਸੰਕੇਤ ਮਿਲ ਰਹੇ ਹਨ? 'ਹਿੰਦੂ ਰਾਸ਼ਟਰ' ਦੇ ਵਿਚਾਰ ਨੂੰ ਉਤਸ਼ਾਹਿਤ ਕਰਨ ਲਈ ਕਿਵੇਂ ਇਤਿਹਾਸ ਅਤੇ ਸਿੱਖਿਆ ਸਮੱਗਰੀ ਨੂੰ ਮੁੜ ਤੋਂ ਲਿਖਿਆ ਜਾ ਰਿਹਾ ਹੈ?ਇਸ 'ਹਿੰਦੂ ਰਾਸ਼ਟਰ' ਜੇ 'ਹਿੰਦੂ ਰਾਸ਼ਟਰ' ਆਉਂਦਾ ਹੈ ਤਾਂ ਉਸ ਵਿੱਚ ਘੱਟਗਿਣਤੀਆਂ ਲਈ ਕੀ ਜਗ੍ਹਾ ਹੋਵੇਗੀ? ਕੀ ਇਸ ਲਈ ਸੰਵਿਧਾਨਕ ਸੋਧ ਦੀ ਜ਼ਰੂਰਤ ਹੋਵੇਗੀ ਜਾਂ ਫਿਰ ਇਹ 2024 ਦੀਆਂ ਆਮ ਚੋਣਾਂ ਵਿੱਚ ਚੋਣ ਮੁੱਦਾ ਬਣੇਗੀ? ਇਸ ਰਿਪੋਰਟ ਵਿੱਚ, ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਮੁਹਿੰਮ ਵਿੱਚ ਵੱਡੀ ਭੂਮਿਕਾ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੀ ਮੰਨੀ ਜਾਂਦੀ ਹੈ। ਇਹ ਆਪਣੀ ਸਥਾਪਨਾ ਤੋਂ ਹੀ 'ਹਿੰਦੂ ਰਾਸ਼ਟਰ' ਨੂੰ 'ਮੁੜ ਪ੍ਰਾਪਤ' ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ।

ਉੱਘੇ ਇਤਿਹਾਸਕਾਰ ਅਤੇ ਹਿੰਦੂਤਵ ਦੇ ਮਾਹਿਰ ਕ੍ਰਿਸਟੋਫਰ ਜੈਫਰੇਲੋ ਇਸ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਕਹਿੰਦੇ ਹਨ, ''ਸੰਘ ਪਰਿਵਾਰ ਲਈ ਹਮੇਸ਼ਾ ਤੋਂ ਹਿੰਦੂ ਰਾਸ਼ਟਰ ਦਾ ਨਿਰਮਾਣ ਤਰਜੀਹ ਰਿਹਾ ਹੈ। ਉਹ ਇਸ ਲਈ ਸਮਾਜ ਵਿੱਚ ਜ਼ਮੀਨੀ ਪੱਧਰ 'ਤੇ ਤਬਦੀਲੀ ਚਾਹੁੰਦੇ ਹਨ ਅਤੇ ਸ਼ਾਖਾਵਾਂ ਅਤੇ ਜ਼ਿਲ੍ਹਾ ਪੱਧਰ 'ਤੇ ਆਪਣੇ ਦਫ਼ਤਰਾਂ ਜ਼ਰੀਏ ਜ਼ਮੀਨੀ ਪੱਧਰ 'ਤੇ ਹਿੰਦੂਆਂ ਦੀ ਮਾਨਸਿਕਤਾ ਬਦਲਣਾ ਚਾਹੁੰਦੇ ਹਨ। 1925 ਤੋਂ ਉਨ੍ਹਾਂ ਨੇ ਇਹ ਸ਼ੁਰੂ ਕੀਤਾ ਸੀ ਅਤੇ ਕਰੀਬ ਸੌ ਸਾਲ ਬਾਅਦ ਉਨ੍ਹਾਂ ਨੇ ਇਸ ਦਿਸ਼ਾ ਵਿੱਚ ਕਾਫ਼ੀ ਕੁਝ ਹਾਸਲ ਕਰ ਲਿਆ ਹੈ।ਉਨ੍ਹਾਂ ਨੇ ਦੱਸਿਆ, 1925 ਵਿੱਚ ਸੰਘ ਦੀ ਸਥਾਪਨਾ ਹੋਈ। ਉਸ ਵਕਤ ਹਿੰਦੂਤਵ ਵਿਚਾਰਕ ਵੀਡੀ ਸਾਵਰਕਰ ਨੇ ਆਪਣੀ ਕਿਤਾਬ ''ਹਿੰਦੂਤਵ: ਕੌਣ ਹੈ ਹਿੰਦੂ'' ਵਿੱਚ ਇਸ ਬਾਰੇ ਲਿਖਿਆ ਸੀ। ਆਪਣੀ ਇਸ ਕਿਤਾਬ ਵਿੱਚ ਸਾਵਰਕਰ ਨੇ ਹਿੰਦੂਤਵ ਦੀ ਵਿਚਾਰਧਾਰਾ ਨੂੰ ਲੈ ਕੇ ਸਿਧਾਂਤਕ ਖਰੜਾ ਦਿੱਤਾ ਸੀ ਅਤੇ ਇਸ ਵਿਚਾਰਧਾਰਾ ਦੇ ਲੋਕ ਅੱਜ ਸੱਤਾ ਵਿੱਚ ਹਨ।

ਸਾਵਰਕਰ ਦੇ ਮੁਤਾਬਕ ਹਿੰਦੂਤਵ ਹਿੰਦੂ ਧਰਮ ਤੋਂ ਕਿਧਰੇ ਜ਼ਿਆਦਾ ਹੈ ਅਤੇ ਇਸ ਸਿਆਸੀ ਫ਼ਲਸਫ਼ੇ ਨੂੰ ਕੇਵਲ ਹਿੰਦੂ ਆਸਥਾ ਤੱਕ ਨਹੀਂ ਬੰਨ੍ਹਿਆ ਜਾ ਸਕਦਾ। ਉਨ੍ਹਾਂ ਨੇ ਹਿੰਦੂਤਵ ਲਈ ਤਿੰਨ ਲਾਜ਼ਮੀ ਮੰਤਰ ਦਿੱਤੇ ਹਨ- ਰਾਸ਼ਟਰ (ਦੇਸ਼), ਜਾਤੀ (ਨਸਲ) ਅਤੇ ਸੰਸਕ੍ਰਿਤੀ (ਸੱਭਿਆਚਾਰ)।ਉਨ੍ਹਾਂ ਨੇ ਕਿਹਾ ਸੀ ਕਿ ਭਾਰਤ ਵਿੱਚ ਜਨਮ ਲੈਣ ਦੇ ਬਾਵਜੂਦ ਮੁਸਲਮਾਨ ਅਤੇ ਈਸਾਈ, ਇਨ੍ਹਾਂ ਤਿੰਨ ਲਾਜ਼ਮੀ ਤੱਤਾਂ ਨੂੰ ਹਾਸਲ ਨਹੀਂ ਕਰ ਸਕਦੇ ਹਨ। ਇਸ ਲਈ ਹਿੰਦੂ ਹੀ ਹਿੰਦੂ ਰਾਸ਼ਟਰ ਦੇ ਹਨ, ਇੱਕ ਅਜਿਹੇ ਰਾਸ਼ਟਰ ਦੇ, ਜੋ ਪੁਰਾਤਨ ਕਾਲ ਵਿੱਚ ਵੀ ਹੋਂਦ ਵਿੱਚ ਸੀ।

ਤਾਕਤਵਰ ਧਾਰਮਿਕ ਗੁਰੂਆਂ ਅਤੇ ਹਿੰਦੂਤਵੀ ਸੰਗਠਨਾਂ ਵੱਲੋਂ ਹਿੰਦੂ ਰਾਸ਼ਟਰ ਦੀ ਮੰਗ ਤਾਂ ਲੰਬੇ ਸਮੇ ਤੋਂ ਕੀਤੀ ਜਾ ਰਹੀ ਹੈ, ਪਰ ਇਹ ਮੌਜੂਦਾ ਸਮੇਂ ਵਿੱਚ ਖਾਸ ਕਰਕੇ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਤੋਂ ਜ਼ਿਆਦਾ ਵਧੀ ਹੈ।ਮਿਸਾਲ ਵਜੋਂ ਦਿੱਲੀ ਦੇ ਤਾਲਕਟੋਰਾ ਇੰਡੋਰ ਸਟੇਡੀਅਮ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਜਗਨਨਾਥ ਪੁਰੀ ਦੇ ਪ੍ਰਭਾਵਸ਼ਾਲੀ ਸ਼ੰਕਰਾਚਾਰਿਆ ਸਵਾਮੀ ਨਿਸ਼ਚਲਾਨੰਦ ਸਰਸਵਤੀ ਨੇ ਦ੍ਰਿੜਤਾ ਪੂਰਵਕ ਕਿਹਾ ਕਿ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਐਲਾਨਣਾ ਚਾਹੀਦਾ ਹੈ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਭਾਰਤ ਦੇ ਹਿੰਦੂ ਰਾਸ਼ਟਰ ਬਣਦੇ ਹੀ 15 ਹੋਰ ਦੇਸ਼ ਵੀ ਖੁਦ ਨੂੰ ਹਿੰਦੂ ਰਾਸ਼ਟਰ ਐਲਾਨ ਦੇਣਗੇ।ਹਿੰਦੂ ਰਾਸ਼ਟਰ 'ਤੇ ਆਪਣੀ ਨਵੀਂ ਕਿਤਾਬ ਵਿੱਚ ਲੇਖਕ ਆਕਾਰ ਪਟੇਲ ਕਹਿੰਦੇ ਹਨ, ''ਸੰਰਚਨਾਤਮਕ ਤੌਰ 'ਤੇ ਭਾਰਤ ਹਿੰਦੂ ਰਾਸ਼ਟਰ ਬਣਨ ਦੀ ਕਗਾਰ 'ਤੇ ਪਹੁੰਚ ਚੁੱਕਿਆ ਹੈ।''ਮੌਜੂਦਾ ਸਮੇਂ ਵਿੱਚ ਭਾਰਤ ਅਤੇ ਨੇਪਾਲ ਹੀ ਦੋ ਅਜਿਹੇ ਦੇਸ਼ ਹਨ, ਜਿੱਥੇ ਹਿੰਦੂ ਬਹੁਗਿਣਤੀ ਹਨ।

ਪ੍ਰੋਫ਼ੈਸਰ ਜੈਫਰੇਲੋ ਦਾ ਕਹਿਣਾ ਹੈ, ''ਹਿੰਦੂ ਰਾਸ਼ਟਰ ਦੀ ਮੰਗ ਪਹਿਲਾਂ ਤੋਂ ਵਧੀ ਹੈ, ਲਹਿਰਾਂ ਵਧ ਗਈਆਂ ਹਨ, ਲਹਿਰਾਂ ਦੀ ਗਤੀ ਵੀ ਵਧੀ ਹੈ, ਹੋਰ ਤਾਂ ਹੋਰ ਇਸ ਦਾ ਭੂਗੋਲਿਕ ਦਾਇਰਾ ਵੀ ਵਧਿਆ ਹੈ।''

''ਹੋ ਸਕਦਾ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿੱਚ ਭਾਰਤ ਹਿੰਦੂ ਰਾਸ਼ਟਰ ਐਲਾਨ ਦਿੱਤਾ ਜਾਵੇ, ਇਸ ਲਈ ਜ਼ਮੀਨੀ ਪੱਧਰ 'ਤੇ ਕੰਮ ਸ਼ੁਰੂ ਹੋ ਚੁੱਕਿਆ ਹੈ।''ਮੁਸਲਿਮ ਸ਼ਾਸਕਾਂ ਦੇ ਇਤਿਹਾਸ ਅਤੇ ਸ਼ਹਿਰਾਂ ਤੇ ਗਲੀਆਂ ਦੇ ਮੁਸਲਿਮ ਨਾਂਵਾਂ ਨੂੰ ਹਟਾਉਣ ਲਈ ਸਿੱਖਿਆ ਅਦਾਰੇ ਇਤਿਹਾਸ ਮੁੜ ਸਿਰਜ ਰਹੇ ਹਨ।ਸੀਨੀਅਰ ਵਕੀਲ ਕਪਿਲ ਸਿੱਬਲ ਅਫ਼ਸੋਸ ਪ੍ਰਗਟਾਉਂਦੇ ਹੋਏ ਕਹਿੰਦੇ ਹਨ ਕਿ ਸਾਰੇ ਮਹੱਤਵਪੂਰਨ ਅਦਾਰਿਆਂ 'ਤੇ ਕਬਜ਼ਾ ਕਰ ਲਿਆ ਗਿਆ ਹੈ।

ਉਨ੍ਹਾਂ ਦਾ ਇਲਜ਼ਾਮ ਹੈ, ''ਨਿਆਂਪਾਲਿਕਾ ਨੂੰ ਛੱਡ ਕੇ ਸਾਰੇ ਅਦਾਰਿਆਂ 'ਤੇ ਮੋਦੀ ਸਰਕਾਰ ਨੇ ਕਬਜ਼ਾ ਕਰ ਲਿਆ ਹੈ। ਮੀਡੀਆ ਨੂੰ ਮੈਨੇਜ ਕੀਤਾ ਜਾ ਰਿਹਾ ਹੈ। ਸੰਸਦ 'ਤੇ ਉਨ੍ਹਾਂ ਦਾ ਕਬਜ਼ਾ ਹੈ। ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਰਗੇ ਸਰਕਾਰੀ ਤੰਤਰ ਨਾਲ ਸੁਤੰਤਰ ਆਵਾਜ਼ਾਂ ਨੂੰ ਦਬਾਇਆ ਜਾ ਰਿਹਾ ਹੈ।"

ਭਾਵੇਂ ਕਿ ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਸਰਕਾਰ ਇਨ੍ਹਾਂ ਇਲਜ਼ਾਮਾਂ ਦਾ ਖੰਡਨ ਕਰਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਲੋਕਤੰਤਰ ਵਧ ਫੁੱਲ ਰਿਹਾ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿੱਚ ਤੇਜ਼ੀ ਨਾਲ ਵਿਕਾਸ ਹੋਇਆ ਹੈ।ਪਿਛਲੇ ਸਾਲ ਦਸੰਬਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ''ਹਰ ਹਰ ਮਹਾਦੇਵ'' ਦੇ ਜੈਕਾਰਿਆਂ ਦੌਰਾਨ ਕਾਸ਼ੀ ਵਿਸ਼ਵਨਾਥ ਧਾਮ ਕੌਰੀਡੋਰ ਦਾ ਉਦਘਾਟਨ ਕੀਤਾ ਸੀ।ਗੇਰੂਆ ਭੇਸ ਵਿੱਚ ਇੱਕ ਸਾਧੂ ਦੀ ਤਰ੍ਹਾਂ ਉਨ੍ਹਾਂ ਨੇ ਗੰਗਾ ਦੇ ਠੰਢੇ ਪਾਣੀ ਵਿੱਚ ਡੁਬਕੀ ਲਗਾਈ ਸੀ ਅਤੇ ਕਾਲ ਭੈਰਵ ਮੰਦਿਰ ਵਿੱਚ ਪੂਜਾ ਅਰਚਨਾ ਕੀਤੀ ਸੀ। ਕੁਝ ਹੀ ਦੇਰ ਬਾਅਦ ਉਨ੍ਹਾਂ ਨੇ ਇੱਕ ਟਵੀਟ ਜ਼ਰੀਏ ਪਿਆਰ ਅਤੇ ਆਸ਼ੀਰਵਾਦ ਲਈ ਪਵਿੱਤਰ ਨਦੀ ਦਾ ਸ਼ੁਕਰਾਨਾ ਅਦਾ ਕੀਤਾ ਸੀ।ਰਾਸ਼ਟਰੀ ਟੈਲੀਵਿਜ਼ਨ 'ਤੇ ਇੱਕ ਵੱਡੇ ਸਮਾਗਮ ਦੇ ਰੂਪ ਵਿੱਚ ਇਸ ਦਾ ਪ੍ਰਸਾਰਨ ਕੀਤਾ ਗਿਆ ਸੀ। ਉਸ ਦੌਰਾਨ ਕੁਝ ਸਿਆਸੀ ਟਿੱਪਣੀਕਾਰਾਂ ਨੇ ਕਿਹਾ ਸੀ ਕਿ ਉਨ੍ਹਾਂ ਦੇ ਸ਼ਬਦਾਂ ਵਿੱਚ ਨਿਸ਼ਚਿਤ ਰੂਪ ਨਾਲ ਇੱਕ 'ਹਿੰਦੂਤਵ ਸੋਚ ਵਾਲੇ ਪ੍ਰਧਾਨ ਮੰਤਰੀ' ਦੀ ਝਲਕ ਸੀ, ਨਾ ਕਿ ਇੱਕ ਧਰਮ ਨਿਰਪੱਖ ਮੁਲਕ ਦੇ ਆਗੂ ਦੀ। ਉਸ ਸਮੇਂ ਮੋਦੀ ਨੇ ਕਿਹਾ ਸੀ, ''ਜਦੋਂ ਵੀ ਇੱਕ ਔਰੰਗਜ਼ੇਬ ਆਉਂਦਾ ਹੈ, ਇੱਕ ਸ਼ਿਵਾਜੀ ਦਾ ਉਦੈ ਹੁੰਦਾ ਹੈ। **(ਚਲਦਾ)**


# ਬਿਲਨ ਫਾਰਮਸ ਲਿਮ.



## ਬਲਿਊ ਬੇਰੀ ਫਾਰਮ ਵਾਲਿਆਂ ਨੂੰ ਬੇਰੀ ਤੋੜਨ ਲਈ ਵਰਕਰਾਂ ਦੀ ਲੋੜ ਹੈ।



*ਸਟੂਡੈਂਟ ਅਤੇ 15 ਸਾਲ ਤੋਂ ਉੱਪਰ ਊਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।

*ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।

* ਬਾਹਰ ਤੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਨ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ ਸੁਥਰੇ ਹਨ।

* ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।

* ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ। * ਸਰਦੀਆਂ ਵਿਚ ਕੈਨਰੀ ਦਾ ਕੰਮ ਵੀ ਹੈ।

*ਸਾਨੂੰ ਕਲਾਸ 4 ਡਰਾਈਵਰਾਂ ਦੀ ਵੀ ਲੋੜ ਹੈ।

*ਪਰੂਨਿੰਗ ਕਰਨ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰ ਸਕਦੇ ਹਨ।

• ਬਿਕਰਮ ਸਿੰਘ ਬੱਲ-604-537-4552 • ਜਰਨੈਲ ਸਿੰਘ ਬਿਲਨ -604-250-2703 • ਭੁਪਿੰਦਰ ਕੌਰ ਸਰਾਂ - 778-837-4410

• ਜਸਵਿੰਦਰ ਸਿੰਘ -604-230-9506 • ਗੁਰਜੀਤ ਸਿੰਘ - 604-812-1115 • ਪਰਮਜੀਤ ਸੱਲ੍ਹ-604-942-1000, ਤੇਜਬੰਤ ਕੌਰ ਮਾਨ-604-724-5060

# ਹਸਗੁੱਲੇ

ਟੀਚਰ (ਸੰਜੂ ਨੂੰ) ਸੰਜੂ ਦੱਸ ਤੂੰ ਵੱਡਾ ਹੋ ਕੇ ਕੀ ਬਨੇਗਾ?

ਸੰਜੂ :-ਸਰ ਮੈਂ ਵੱਡਾ ਹੋ ਕੇ ਵੱਡਾ ਅਫਸਰ ਬਣਾਂਗਾ। ਵੱਡੇ ਸਹਿਰਾਂ ਵਿੱਚ ਮੇਰਾ ਬਿਨਾਂ ਚਲੇਗਾ !ਹਮੇਸ਼ਾ ਹਵਾਈ ਯਾਤਰਾ ਕਰਾਂਗਾ! ਪੰਜ ਸਟਾਰ ਹੋਟਲ ਚ ਠਹਿਰਾਂਗਾ! ਦਸ ਨੌਕਰ ਮੇਰੇ ਆਸ ਪਾਸ ਹੋਣਗੇ !ਮੇਰੇ ਕੋਲ ਸਭ ਤੋਂ ਮਹਿੰਗੀ ਕਾਰ ਹੋਵੇਗੀ!

ਟੀਚਰ:- ਬੱਚਿਓ ਤੁਹਾਨੂੰ ਸਭ ਨੂੰ ਇਨ੍ਹਾਂ ਲੰਮਾ ਜਵਾਬ ਦੇਣ ਦੀ ਲੋੜ ਨਹੀਂ ਸਿਰਫ਼ ਇੱਕ ਲਾਈਨ ਵਿੱਚ ਜਵਾਬ ਦੇਣਾਂ ਹੈ!ਅੱਛਾ ਪਿੰਕੀ ਤੂੰ ਵੱਡੀ ਹੋ ਕੇ ਕੀ ਬਣੇਗੀ

ਪਿੰਕੀ:- ਜੀ ਸੰਜੂ ਦੀ ਪਤਨੀ !

****************

...ਦੋਸਤ (ਪੱਪੂ ਨੂੰ) ਯਾਰ ਤੇਰੀ ਤਾਂ ਮਠਿਆਈ ਦੀ ਦੁਕਾਨ ਹੈ ਤੇਰਾ ਦਿਲ ਨ੍ਹੀਂ ਕਰਦਾ ਮਠਿਆਈ ਖਾਣ ਨੂੰ?

ਪੱਪੂ :-ਹਾਂ ਯਾਰ ਕਰਦਾ ਹੈ ਪਰ ਪਾਪਾ ਰਸਗੁੱਲੇ ਗਿਣਕੇ ਰੱਖਦੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਚੂਸ ਕੇ ਰੱਖ ਦਿੰਦਾ ਹਾਂ!

****************

ਪੱਪੂ ਦੀ ਇਕ ਔਰਤ ਨਾਲ ਫੇਸਬੁੱਕ ਤੇ ਦੋਸਤੀ ਹੋ ਗਈ ਤਾਂ ਦੋਵਾਂ ਨੇ ਮਿਲਣ ਦਾ ਵਿਚਾਰ ਬਣਾਇਆ ਕਿ ਫਲਾਣੇ ਹੋਟਲ ਵਿੱਚ 11 ਵਜੇ ਮਿਲਾਂਗੇ। ਪੱਪੂ ਨੇ ਔਰਤ ਨੂੰ ਕਿਹਾ ਮੇਰੇ ਹੱਥ ਚ ਅਮਰੂਦ ਦੇ ਜੂਸ ਦਾ ਗਲਾਸ ਹੋਵੇਗਾ। ਪੱਪੂ ਜਦੋਂ ਉਸ ਹੋਟਲ ਪੁਜਿਆਂ ਤਾਂ ਪਤਾ ਲੱਗਿਆ ਕਿ ਅੱਜ ਉਨਾ ਕੋਲ ਅਮਰੂਦ ਦਾ ਜੂਸ ਨਹੀਂ ਹੈ ਤਾਂ ਮਜਬੂਰੀ 'ਚ ਉਹ ਸੰਤਰੇ ਦੇ ਜੂਸ ਦਾ ਗਲਾਸ ਲੈ ਕੇ ਉਡੀਕਣ ਲੱਗਾ। ਕੁਝ ਦੇਰ ਬਾਅਦ ਫੇਸਬੁੱਕ ਵਾਲੀ ਔਰਤ ਪੁੱਜੀ ਪਰ ਉਹ ਮੋਟੀ ,ਕਾਲੇ ਰੰਗ ਦੀ ਸੀ। ਪੱਪੂ ਨੇ ਉਸਨੂੰ ਅਣਦੇਖਾ ਕਰ ਦਿੱਤਾ ਤੇ ਮੂੰਹ ਦੂਸਰੇ ਪਾਸੇ ਕਰ ਲਿਆ।ਪਰ ਉਹ ਔਰਤ ਪੱਪੂ ਕੋਲ ਪੁੱਜੀ ਤੇ ਬੋਲੀ ਤੁਸੀਂ ਉਹੀ ਹੋ ਨਾ ਜਿਸ ਨਾਲ ਮਿਲਣ ਦੀ ਗੱਲ ਹੋਈ ਸੀ ?

ਪੱਪੂ ਬੋਲਿਆ:- ਅੰਨ੍ਹੀ ਹੋ ਗਈ ਏਂ ਤੈਨੂੰ ਮੇਰੇ ਹੱਥ ਚ ਅਮਰੂਦ ਦਾ ਜੂਸ ਦੱਸ ਰਿਹੈ!

****************

ਲੜਕੀ :ਦੇਖੋ ਪਲੀਜ਼ ਬਾਈਕ ਹੌਲੀ ਚਲਾਉ ਮੈਨੂੰ ਡਰ ਲੱਗ ਰਿਹਾ!

ਪੱਪੂ :-ਅੱਛਾ ਜ਼ੇਕਰ ਤੈਨੂੰ ਵੀ ਡਰ ਲੱਗਿਆ ਤਾਂ ਮੇਰੇ ਵਾਂਗ ਅੱਖਾਂ ਬੰਦ ਕਰ ਲੈ!

8888

ਮਾਂ :-ਬੇਟਾ ਸੌਂ ਜਾ ਨਹੀਂ ਤਾਂ ਗੱਬਰ ਆ ਜਾਏਗਾ!

ਬੇਟਾ:- ਪਹਿਲਾਂ ਸੌ ਰੁਪਏ ਦਿਉ ?

ਮਾਂ :-ਉਹ ਕਿਉਂ?

ਬੇਟਾ :-ਨਹੀਂ ਤਾਂ ਮੈਂ ਪਾਪਾ ਨੂੰ ਦੱਸ ਦੇਵਾਂ ਕਿ ਰੋਜ਼ ਰਾਤ ਨੂੰ ਇੱਥੇ ਗੱਬਰ ਆਉਂਦਾ ਹੈ!

****************



ਪਤੀ:ਅੱਜ ਮੈਨੂੰ ਅਲਾਦੀਨ ਦਾ ਚਰਾਗ ਮਿਲਿਆ!ਤੇ ਉਸ ਵਿੱਚੋਂ ਜਿੰਨ ਨਿਕਲਿਆ ਤੇ ਕਹਿੰਦਾ ਦੱਸ ਕੀ ਚਾਹੀਦੈ?

ਪਤਨੀ:- ਵਾਹ ਤੁਸੀਂ ਉਸਤੋਂ ਕੀ ਮੰਗਿਆ?

ਪਤੀ :ਮੈਂ ਕਿਹਾ ਮੇਰੀ ਪਤਨੀ ਦੇ ਦਿਮਾਗ਼ ਨੂੰ ਦੱਸ ਗੁਣਾ ਕਰ ਦੇਵੇ!

ਪਤਨੀ :-(ਖੁਸ਼ ਹੋ ਕੇ ) ਸੱਚੀਂ !.. ਤਾਂ ਉਸ ਨੇ ਅਜਿਹਾ ਕਰ ਦਿੱਤਾ?

ਪਤੀ :-ਨਹੀਂ ਉਹ ਜਿੰਨ ਬੋਲਿਆ ਕਿ 'ਜ਼ੀਰੋ ਨਾਲ ਕਿਸੇ ਨੂੰ ਵੀ ਗੁਣਾਂ ਨਹੀਂ ਕੀਤਾ ਜਾ ਸਕਦਾ'!

****************

ਗਾਹਕ :-ਤੇਰੀ ਮੱਝ ਦੀ ਇੱਕ ਅੱਖ ਖ਼ਰਾਬ ਹੈ ਫਿਰ ਵੀ ਉਸ ਦੇ ਪੱਚੀ ਹਜ਼ਾਰ ਰੁਪਏ ਮੰਗ ਰਿਹੈਂ?

ਆਦਮੀ: ਤੈਨੂੰ ਮੱਝ ਦੁੱਧ ਪੀਣ ਲਈ ਚਾਹੀਦੀਆ ਜਾਂ ਅੱਖ ਮਟੱਕਾ ਕਰਨ ਲਈ!

****************

ਟੀਚਰ: ਜੇ ਕੋਈ ਲੜਕਾ ਗਰਲਜ਼ ਹੋਸਟਲ ਵੱਲ ਜਾਏਗਾ ਤਾਂ ਉਸਨੂੰ ਸੌ ਰੁਪਏ ਜੁਰਮਾਨਾ ਲਗੇਗਾ ਤੇ ਦੂਜੀ ਵਾਰ ਗਿਆ ਤਾਂ ਦੋ ਸੌ ਰੁਪਏ ਅਤੇ ਤੀਸਰੀ ਵਾਰ ਗਿਆ ਤਾਂ ਪੂਰੇ ਪੰਜ ਸੌ ਰੁਪਏ ਦਾ ਫਾਈਨ ਲੱਗੇਗਾ !

ਪੱਪੂ : ਸਰ ਜੀ ਜੇਕਰ ਪੂਰੇ ਮਹੀਨੇ ਦਾ ਪਾਸ



ਬਣਾਉਣਾ ਹੋਵੇ ਤਾਂ ਕਿੰਨੇ ਦਾ ਬਣ ਜਾਵੇਗਾ?

****************

ਅਧਿਆਪਕ: ਕੀ ਤੁਸੀਂ ਪੰਛੀਆਂ ਬਾਰੇ ਸਭ ਕੁਝ ਜਾਣਦੇ ਹੋ?

ਸੰਜੂ: ਹਾਂ

ਅਧਿਆਪਕ : ਚੰਗਾ ਦੱਸੋ ਕਿਹੜਾ ਪੰਛੀ ਉੱਡ ਨਹੀਂ ਸਕਦਾ ??

ਸੰਜੂ: ਮਰਿਆ ਹੋਇਆ ਪੰਛੀ

****************

ਅਧਿਆਪਕ (ਵਿਦਿਆਰਥੀ ਨੂੰ) : ਸਮੈਸਟਰ ਸਿਸਟਮ ਦਾ ਕੀ ਫਾਇਦਾ ਹੈ, ਦੱਸੋ?

ਵਿਦਿਆਰਥੀ: ਫਾਇਦਾ ਨਹੀਂ ਪਤਾ, ਪਰ ਸਾਲ ਵਿੱਚ ਦੋ ਵਾਰ ਬੇਇੱਜ਼ਤੀ ਹੁੰਦੀ ਹੈ।

****************

ਇੰਜਨੀਅਰਿੰਗ ਦੇ ਵਿਦਿਆਰਥੀ ਨੇ ਪ੍ਰੋਫੈਸਰ ਨੂੰ ਕਿਹਾ - ਸਰ ਜੀ ਮੈਂ ਕਾਲਜ ਵਿੱਚ ਅਜਿਹੀ ਚੀਜ਼ ਬਣਾਈ ਹੈ... ਜਿਸ ਦੀ ਮਦਦ ਨਾਲ ਤੁਸੀਂ ਕੰਧ ਦੇ ਦੂਸਰੇ ਪਾਸੇ ਦੇਖ ਸਕਦੇ ਹੋ...

ਪ੍ਰੋਫੈਸਰ (ਹੈਰਾਨ ਹੋ ਕੇ ) - ਵਾਹ! ਕਿਹੜਾ ਹੈ ਉਹ ਜੰਤਰ?

ਵਿਦਿਆਰਥੀ - ਕੁੜੀਆ ਦੇ ਹੋਸਟਲ ਵਾਲੀ ਕੰਧ ਵਿੱਚ ਮੋਰੀ!

****************

ਡਾਕਟਰ - ਤੁਹਾਨੂੰ ਕੀ ਹੋ ਗਿਆ ਹੈ?

ਮਰੀਜ਼ - ਪਹਿਲਾਂ ਤੁਸੀਂ ਵਾਅਦਾ ਕਰੋ ਕਿ ਤੁਸੀਂ ਹੱਸੋਗੇ ਨਹੀਂ?

ਡਾਕਟਰ - ਠੀਕ ਹੈ... ਵਾਅਦਾ...

ਮਰੀਜ਼ ਨੇ ਆਪਣੀਆਂ ਲੱਤਾਂ ਦਿਖਾਈਆਂ ਜੋ ਗੰਨੇ ਵਰਗੀਆਂ ਪਤਲੀਆਂ ਸਨ.... ਇਹ ਦੇਖ ਕੇ ਡਾਕਟਰ ਹੱਸ ਪਿਆ।

ਮਰੀਜ਼ - ਤੁਸੀਂ ਤਾਂ ਨਾ ਹੱਸਣ ਦਾ ਵਾਅਦਾ ਕੀਤਾ ਸੀ!

ਡਾਕਟਰ - ਠੀਕ ਹੈ ਮਾਫ ਕਰਨਾ... ਹੁਣ ਮੈਨੂੰ ਸਮੱਸਿਆ ਦੱਸੋ?

ਮਰੀਜ਼ - ਡਾਕਟਰ ਜੀ, ਇਹ ਸੁੱਜ ਗਈਆਂ ਹਨ?

ਡਾਕਟਰ - ਭੱਜ ਸਾਲਾ ਅਇਆ ਹੀ ਹਸਾਉਣ ਲਈ ਏਂ!

****************

ਕੁੜੀ ਵਾਲੇ ਮੁੰਡੇ ਨੂੰ ਦੇਖਣ ਗਏ ਮੁੰਡੇ ਨੂੰ ਦੇਖ ਕੇ ਕਹਿੰਦੇ ਸਾਨੂੰ ਮੁੰਡਾ ਪਸੰਦ ਨਹੀਂ!

ਮੁੰਡੇ ਵਾਲੇ: ਸਾਨੂੰ ਵੀ ਚੰਗਾ ਨਹੀਂ ਲੱਗਦਾ, ਹੁਣ ਕੀ ਕਰੀਏ ਘਰੋਂ ਕੱਢ ਦੇਈਏ?

****************

ਖ਼ੂਬਸੂਰਤ ਸੈਕਟਰੀ ਗੁੱਸੇ ਵਿੱਚ ਗਾਲ੍ਹਾਂ ਕੱਢਦੀ ਹੋਈ ਬੌਸ ਦੇ ਕੈਬਿਨ ਵਿੱਚੋਂ ਬਾਹਰ ਆ ਗਈ।

ਨਾਲ ਕੰਮ ਕਰਨ ਵਾਲੀਆਂ ਸਹੇਲੀਆਂ ਨੇ ਪੁਛਿਆ, ", ਕੀ ਹੋਇਆ?"

ਸੈਕਟਰੀ: ਕਮੀਨਾ ਪੁੱਛ ਰਿਹਾ ਸੀ ਕਿ ਕੀ ਉਹ ਸ਼ਾਮ ਨੂੰ ਮੈਂ ਫਰੀ ਹਾਂ?

ਸਹੇਲੀਆਂ: ਫਿਰ..?

ਸੈਕਟਰੀ ਜਦੋਂ ਮੈਂ ਹਾਂ ਕਿਹਾ ਤਾਂ ਹਰਾਮੀ ਨੇ ਟਾਈਪਿੰਗ ਕਰਨ ਲਈ 60 ਪੰਨੇ ਦੇ ਦਿੱਤੇ।

****************

ਅੰਬਾਲਾ ਤੋਂ ਅੰਮ੍ਰਿਤਸਰ ਲਈ ਰੇਲ ਗੱਡੀ ਰਵਾਨਾ ਹੋਣੀ ਸੀ... ਰਾਤ 9 ਵਜੇ ਸਾਰੇ ਡੱਬੇ ਭਰ ਗਏ ਸਨ...

ਸੰਜੂ ਵੀ ਉੱਪਰ ਚੜ੍ਹ ਗਿਆ ਪਰ ਉਸ ਨੂੰ ਬੈਠਣ ਲਈ ਜਗ੍ਹਾ ਵੀ ਨਹੀਂ ਮਿਲੀ, ਇਸ ਲਈ ਉਸਨੇ ਇੱਕ ਚਾਲ ਚੱਲੀ ਅਤੇ "ਸੱਪ, ਸੱਪ, ਸੱਪ..." ਚੀਕਣ ਲੱਗਾ।

ਲੋਕ ਡਰ ਦੇ ਮਾਰੇ ਆਪਣਾ ਸਮਾਨ ਲੈ ਕੇ ਦੂਜੇ ਡੱਬਿਆਂ ਵਿੱਚ ਚਲੇ ਗਏ।

ਉਹ ਅਰਾਮ ਨਾਲ ਉਪਰਲੀ ਸੀਟ 'ਤੇ ਬਿਸਤਰਾ ਲਾ ਕੇ ਲੇਟ ਗਿਆ, ਪੂਰੇ ਦਿਨ ਦਾ ਥੱਕਿਆ ਹੋਇਆ ਸੀ, ਜਲਦੀ ਸੌਂ ਗਿਆ....


ਸਵੇਰੇ "ਚਾਏ, ਚਾਏ" ਦੀ ਆਵਾਜ਼ 'ਤੇ ਉਹ ਉੱਠਿਆ, ਚਾਹ ਵਾਲੇ ਨੂੰ ਪੁੱਛਿਆ ਕਿ ਉਹ ਕਿਹੜਾ ਸਟੇਸ਼ਨ ਆਇਆ ਹੈ?

ਤਾਂ ਚਾਹ ਵਾਲੇ ਨੇ ਕਿਹਾ, "ਅੰਬਾਲਾ" ਹੈ...

ਫਿਰ ਪੁੱਛਿਆ, "ਅੰਬਾਲੇ" ਤੋਂ ਤਾਂ ਰਾਤ ਚੱਲੇ ਸੀ ?

ਚਾਹ ਵਾਲੇ ਨੇ ਕਿਹਾ, "ਇਸ ਡੱਬੇ ਵਿੱਚ ਸੱਪ ਨਿਕਲਿਆ ਆਇਆ ਸੀ.. ਇਸ ਲਈ ਇਹ ਡੱਬਾ ਇੱਥੇ ਹੀ ਛੱਡ ਦਿੱਤਾ ਸੀ...

****************


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# ਸੁਪਰੀਮ ਕੋਰਟ ਦਾ 'ਖਤਰਨਾਕ ਫ਼ੈਸਲਾ'

ਨਵੀਂ ਦਿੱਲੀ:ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ ਵਾਲੇ ਕਾਨੂੰਨ ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐੱਮ ਐੱਲ ਏ) ਤਹਿਤ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਮਿਲੇ ਅਧਿਕਾਰਾਂ ਦੇ ਸੰਦਰਭ ਵਿਚ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ 'ਤੇ ਨਿਰਾਸ਼ਾ ਦਾ ਇਜ਼ਹਾਰ1 ਕਰਦਿਆਂ 17 ਪਾਰਟੀਆਂ ਨੇ ਕਿਹਾ ਕਿ ਇਸ ਨਾਲ ਸਿਆਸੀ ਬਦਲਾਖੋਰੀ ਵਿਚ ਲੱਗੀ ਸਰਕਾਰ ਦੇ ਹੱਥ ਹੋਰ ਮਜ਼ਬੂਤ ਹੋਣਗੇ। ਇਨ੍ਹਾਂ ਪਾਰਟੀਆਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਇਹ ਉਮੀਦ ਜਤਾਈ ਹੈ ਕਿ ਸੁਪਰੀਮ ਕੋਰਟ ਦਾ ਇਹ ਫੈਸਲਾ ਬਹੁਤ ਘੱਟ ਸਮੇਂ ਲਈ ਹੋਵੇਗਾ ਅਤੇ ਅੱਗੇ ਜਾ ਕੇ ਸੰਵਿਧਾਨਕ ਪ੍ਰਾਵਧਾਨਾਂ ਦੀ ਜਿੱਤ ਹੋਵੇਗੀ। ਸਾਂਝੇ ਬਿਆਨ ਉੱਤੇ ਸੀ ਪੀ ਆਈ, ਕਾਂਗਰਸ, ਤ੍ਰਿਣਮੂਲ ਕਾਂਗਰਸ, ਐੱਮ ਸੀ ਪੀ, ਆਰ ਐੱਲ ਡੀ, ਆਮ ਆਦਮੀ ਪਾਰਟੀ, ਡੀ ਐੱਮ ਕੇ, ਇੰਡੀਅਨ ਯੂਨੀਅਨ ਮੁਸਲਿਮ ਲੀਗ, ਮਾਰਕਸੀ ਪਾਰਟੀ, ਐੱਮ ਡੀ ਐੱਮ ਕੇ, ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ, ਆਰ ਐੱਸ ਪੀ ਤੇ ਸ਼ਿਵ ਸੈਨਾ ਸਣੇ 17 ਪਾਰਟੀਆਂ ਦੇ ਆਗੂਆਂ ਤੇ ਰਾਜ ਸਭਾ ਦੇ ਆਜ਼ਾਦ ਮੈਂਬਰ ਕਪਿਲ ਸਿੱਬਲ ਨੇ ਦਸਤਖਤ ਕੀਤੇ ਹਨ।

# ਸੈਨ ਫਰਾਂਸਿਸਕੋ 'ਚ 'ਗਦਰੀ ਹਾਲ 'ਚ ਕੌਂਸਲੇਟ ਵੱਲੋਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਤਸਵੀਰ ਲਗਾਈ ਗਈ



ਸੈਕਰਾਮੈਂਟੋ, ਕੈਲੀਫੋਰਨੀਆਂ ( ਹੁਸਨ ਲੜੋਆ ਬੰਗਾ):ਭਾਰਤ ਦੇ ਕੌਂਸਲੇਟ ਜਨਰਲ ਸੈਨ ਫ੍ਰਾਂਸਿਸਕੋ (ਕੈਲੀਫੋਰਨੀਆ) ਵੱਲੋਂ ਗਦਰ ਮੈਮਰੀਅਰ ਹਾਲ, 5 ਵੁੱਡ ਸਟ੍ਰੀਟ ਸੈਨਫ੍ਰਾਂਸਿਸਕੋ ਵਿਖੇ ˆਗਦਰ ਹਾਲ" ਚ ਗਦਰੀ ਬਾਬਿਆਂ ਸਬੰਧੀ ਸਮਾਗਮ ਕੀਤਾ ਗਿਆ, ਜਿਸ ਦੌਰਾਨ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ, ਆਪਣੀਆਂ ਜਾਨਾਂ ਕੁਰਬਾਨ ਕਰ ਦੇਣ ਵਾਲੇ ਮਹਾਨ ਗਦਰੀ ਬਾਬਿਆਂ ਨੂੰ ਸਨਿਮਰ ਯਾਦ ਕੀਤਾ ਗਿਆ ਤੇ ਇਸ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਡਾ. ਟੀ.ਵੀ. ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸੁਲ ਜਨਰਲ ਸੈਨ ਫ੍ਰਾਂਸਿਸਕੋ ) ਮੁੱਖ ਬੁਲਾਰੇ ਤੋਂ ਇਲਾਵਾ ਕੁਝ ਹੋਰ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਰੱਖੇ ਅਤੇ ਗਦਰੀ ਰਚਨਾਵਾਂ ਪੜ੍ਹੀਆਂ। ਅੱਜ ਦੇ ਸਮਾਗਮ ਦੀ ਹੋਰ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਮੌਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਯਾਦ ਕਰਦਿਆਂ ਉਹਨਾਂ ਦੀ ਤਸਵੀਰ ਸਦਾ ਲਈ ਬਾਕੀ ਗਦਰੀ ਬਾਬਿਆਂ ਦੀਆਂ ਫੋਟੋਆਂ ਨਾਲ ਸਤਿਕਾਰ ਨਾਲ ˆਗਦਰ ਮੈਮੋਰੀਅਲ ਹਾਲੱ ਵਿਚ ਲਗਾਈ ਗਈ। ਇਹ ਤਸਵੀਰ ਅਦਾਰਾ ˆਅੰਬੇਦਕਰ ਟਾਈਮਜ਼ੱ ਅਤੇ ਅਦਾਰਾ ˆਦੇਸ਼ ਦੁਆਬਾੱ ਦੇ ਮੁੱਖ ਸੰਪਾਦਕ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਮਾਣਯੋਗ ਡਾ. ਟੀ.ਵੀ. ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸੁਲ ਜਨਰਲ ਸੈਨ ਫ੍ਰਾਂਸਿਸਕੋ ) ਜੀ ਨੂੰ ਸਟੇਜ ˆਤੇ ਭੇਂਟ ਕੀਤੀ। ਉਸ ਵਕਤ ਉਹਨਾਂ ਗਦਰੀ ਬਾਬਿਆਂ ਨਾਲ ਸਬੰਧਤ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਉਹਨਾਂ ਸਾਰਿਆਂ ਨੇ ਇਸ ਉਦਮ ਦਾ ਸਵਾਗਤ ਕੀਤਾ। ਸਟੇਜ ਦੀ ਸੇਵਾ ਡਾ. ਅਕੁਨ ਸਬਰਵਾਲ (ਕੌਂਸਲ) ਨੇ ਬਾਖ਼ੂਬੀ ਨਾਲ ਨਿਭਾਈ ਅਤੇ ਆਫਿਸ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ।






# ਰਣਬੀਰ ਰਾਣਾ ਨੇ ਕੀਤਾ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਦਾ ਸਮਰਥਨ



ਸਰੀ:-ਬਾਲੀਵੁੱਡ ਅਦਾਕਾਰ ਆਮਿਰ ਖਾਨ ਅਤੇ ਕਰੀਨਾ ਕਪੂਰ ਆਪਣੀ ਫਿਲਮ ਲਾਲ ਸਿੰਘ ਚੱਢਾ ਨੂੰ ਲੈ ਕੇ ਸੁਰਖੀਆ ਵਿੱਚ ਹਨ। ਪਰ ਅਫਸੋਸ ਇਸ ਫਿਲਮ ਨੂੰ ਪਸੰਦ ਕਰਨ ਦੀ ਬਜਾਏ ਰਿਲੀਜ਼ ਤੋਂ ਪਹਿਲਾ ਹੀ ਇਸਦੇ ਬਾਈਕਾਟ ਕਰਨ ਦੀ ਮੰਗ ਉੱਠ ਚੁੱਕੀ ਹੈ। ਇਹ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ ਪਰ ਇਹ ਸੱਚਾਈ ਹੈ। 11 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਫਿਲਮ ਲਾਲ ਸਿੰਘ ਚੱਢਾ ਨੂੰ ਲੈ ਕੇ ਹਰ ਪਾਸੇ ਨਕਾਰਾਤਮਕ ਮਾਹੌਲ ਬਣਿਆ ਹੋਇਆ ਹੈ। ਜਿੱਥੇ ਕਈ ਲੋਕ ਅਤੇ ਕਲਾਕਾਰ ਇਸ ਫਿਲਮ ਦਾ ਸਮਰਥਨ ਕਰਦੇ ਹੋਏ ਨਜ਼ਰ ਆ ਰਹੇ ਹਨ ਉੱਥੇ ਹੀ ਕੁਝ ਇਸਦਾ ਵਿਰੋਧ ਵੀ ਕਰ ਰਹੇ ਹਨ। ਇਸ ਵਿਚਕਾਰ ਹੀ ਪੰਜਾਬੀ ਅਦਾਕਾਰ ਰਣਬੀਰ ਰਾਣਾ ਫਿਲਮ ਦੇ ਪੱਖ ਵਿੱਚ ਬੋਲਦੇ ਹੋਏ ਨਜ਼ਰ ਆਏ। ਦੱਸ ਦੇਈਏ ਕਿ ਰਾਣਾ ਰਣਬੀਰ ਸਿੰਘ ਮੁੱਖ ਤੌਰ 'ਤੇ ਪੰਜਾਬੀ ਅਦਾਕਾਰ ਹਨ, ਜੋ ਕਿ ਪੰਜਾਬੀ ਸਿਨੇਮਾ ਵਿੱਚ ਆਪਣੀ ਸ਼ਾਨਦਾਰ ਕਾਮੇਡੀ ਲਈ ਮਸ਼ਹੂਰ ਹਨ।

ਉਨ੍ਹਾਂ ਨੇ ਆਪਣੇ ਫਿਲਮੀ ਕੈਰੀਅਰ 'ਚ ਪੰਜਾਬੀ ਇੰਡਸਟਰੀ ਦੇ ਕਈ ਵੱਡੇ ਸਿਤਾਰਿਆਂ ਨਾਲ ਕੰਮ ਕਰ ਚੁੱਕੇ ਹਨ। ਅਦਾਕਾਰ ਰਣਬੀਰ ਸਿੰਘ ਨੇ ਆਪਣੇ ਸੋਸ਼ਲ ਮੀਡੀਆ ˆਤੇ ਪੋਸਟ ਪਾ ਕੇ ਇਸ ਫ਼ਿਲਮ ਦਾ ਸਮਰਥਨ ਕੀਤਾ ਨਾਲ ਹੀ ਦਰਸ਼ਕਾਂ ਨੂੰ ਇਹ ਫ਼ਿਲਮ ਦੇਖਣ ਦੀ ਅਪੀਲ ਵੀ ਕੀਤੀ।




# ਆਪ’ ਨੇ ਡਿਫਾਲਟਰ ਕਾਰਪੋਰੇਟ ਫਰਮਾਂ ਦੇ ਬੈਂਕ ਕਰਜ਼ੇ ਮੁਆਫ ਕਰਨ ਲਈ ਕੇਂਦਰ ਸਰਕਾਰ ਦੀ ਕੀਤੀ ਆਲੋਚਨਾ

ਚੰਡੀਗੜ੍ਹ-ਆਮ ਆਦਮੀ ਪਾਰਟੀ ਨੇ ਪਿਛਲੇ ਪੰਜ ਸਾਲਾਂ ‘ਚ ਬੈਂਕਾਂ ਨਾਲ ਧੋਖਾਧੜੀ ਕਰਨ ਵਾਲੀਆਂ ਕਾਰਪੋਰੇਟ ਕੰਪਨੀਆਂ ਦੇ 10 ਲੱਖ ਕਰੋੜ ਰੁਪਏ ਦੇ ਕਰਜ਼ ਮੁਆਫ਼ ਕਰਨ ਲਈ ਕੇਂਦਰ ਸਰਕਾਰ ‘ਤੇ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਕਿ ਭਾਜਪਾ ਦਾ ਇਹ ਕਦਮ ਉਸ ਦੇ ਦੋਹਰੇ ਮਾਪਦੰਡ ਅਤੇ ‘ਗਰੀਬ ਵਿਰੋਧੀ’ ਹੋਣ ਦਾ ਪੁਖਤਾ ਸਬੂਤ ਹੈ। ਬੁੱਧਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਿਤ ਕਰਦੇ ਹੋਏ ‘ਆਪ’ ਪੰਜਾਬ ਦੇ ਮੁਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਅਜਿਹੇ ਸਮੇਂ ‘ਚ ਜਦ ਦੇਸ਼ ‘ਚ ਮਹਿੰਗਾਈ ਦਰ ਲਗਾਤਾਰ ਵਧ ਰਹੀ ਹੈ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਗਰੀਬੀ ਨਾਲ ਜੂਝ ਰਹੇ ਆਮ ਆਦਮੀ ਨੂੰ ਵਿੱਤੀ ਰਾਹਤ ਦੇਣ ਦੀ ਥਾਂ ਕਾਰਪੋਰੇਟ ਫਰਮਾਂ ਦਾ ਕਰਜ਼ ਮੁਆਫ਼ ਕੀਤਾ ਹੈ।

ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਮੋਦੀ ਸਰਕਾਰ ਨੇ ਭਗੋੜਾ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀ ਕੰਪਨੀ ਗੀਤਾਂਜਲੀ ਜੇਮਸ ਦੇ 7,110 ਕਰੋੜ ਰੁਪਏ ਅਤੇ ਏਰ ਇੰਫਰਾ ਇੰਜੀਨੀਅਰਿੰਗ ਦੇ 5,879 ਕਰੋੜ ਰੁਪਏ ਦੇ ਨਾਲ-ਨਾਲ ਕਈ ਹੋਰ ਵੱਡੀਆਂ ਡਿਫਾਲਟਰ ਕਾਰਪੋਰੇਟ ਕੰਪਨੀਆਂ ਦਾ ਕਰਜ਼ ਮੁਆਫ ਕਰ ਦਿੱਤਾ ਹੈ। ਪਰ ਜਦ ਕਿਸਾਨਾਂ ਦਾ ਕਰਜ਼ ਮੁਆਫ ਕਰਨ ਦੀ ਵਾਰੀ ਆਈ ਤਾਂ ਸਰਕਾਰ ਉਦਾਸੀਨ ਰਵੱਈਆ ਦਿਖਾ ਰਹੀ ਹੈ। ਭਗਵੰਤ ਮਾਨ ਦੀ ਅਗਵਾਈ ਵਾਲੀ ‘ਆਪ’ ਸਰਕਾਰ ਨੇ ਐਲਾਨ ਕੀਤਾ ਹੈ ਕਿ ਜਲਦ ਗੰਨਾ ਕਿਸਾਨਾਂ ਨੂੰ ਉਨ੍ਹਾਂ ਦੇ 195.60 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕੀਤਾ ਜਾਵੇਗਾ।

# ਜਵਾਬਦੇਹੀ ਤੋਂ ਬਿਨਾਂ ਏਨੀਆਂ ਤਾਕਤਾਂ ਦੇ ਹੁੰਦਿਆਂ, ਅਸਲ ਮਕਸਦ ਰਾਹ ਵਿਚ ਹੀ ਦਮ ਤੋੜ ਜਾਏਗਾ

ਸੁਪਰੀਮ ਕੋਰਟ ਵਲੋਂ ਈ.ਡੀ. ਦੀਆਂ ਤਾਕਤਾਂ ’ਤੇ ਅਪਣੀ ਮੋਹਰ ਲਗਾ ਦੇਣ ਮਗਰੋਂ ਵਿਰੋਧੀ ਧਿਰ ਦੀਆਂ ਮੁਸ਼ਕਲਾਂ 2024 ਤਕ ਵਧਦੀਆਂ ਹੀ ਜਾਣੀਆਂ ਹਨ। ਅਦਾਲਤ ਵਲੋਂ ਈ.ਡੀ. ਨੂੰ ਛਾਪੇ ਮਾਰਨ ਅਤੇ ਜਾਇਦਾਦਾਂ ਜ਼ਬਤ ਕਰਨ ਦੀ ਤਾਕਤ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰ ਲੈਣ ਮਗਰੋਂ ਅੱਜ ਸਾਡੀਆਂ ਏਜੰਸੀਆਂ ਕੋਲ ਤਾਕਤ ਤਾਂ ਬਹੁਤ ਆ ਗਈ ਹੈ ਪਰ ਜਵਾਬਦੇਹੀ ਬਿਲਕੁਲ ਵੀ ਨਹੀਂ ਰਹੀ। ਭਾਜਪਾ ਸਰਕਾਰ ਕਾਲੇ ਧੰਨ ਨੂੰ ਕਾਬੂ ਹੇਠ ਲਿਆਉਣਾ ਚਾਹੁੰਦੀ ਹੈ। ਸਰਕਾਰ ਦੀ ਮਨਸ਼ਾ ਤਾਂ ਠੀਕ ਹੈ ਪਰ ਅਫ਼ਸੋਸ ਕਿ ਸਾਡੀਆਂ ਦੋ ਸਰਕਾਰਾਂ ਦੀ ਕਾਰਗੁਜ਼ਾਰੀ ਵਿਚ ਅੰਤਰ ਕਿਉਂਕਿ ਬਹੁਤ ਜ਼ਿਆਦਾ ਹੈ, ਇਸ ਨਾਲ ਕਾਲੇ ਧੰਨ ਜਾਂ ਦਹਿਸ਼ਤਗਰਦੀ ਨੂੰ ਪੈਸਾ ਮਿਲਣ ਵਿਚ ਕੋਈ ਕਮੀ ਨਹੀਂ ਆਈ ਅਤੇ ਸਥਿਤੀ ਪਹਿਲਾਂ ਨਾਲੋਂ ਵੀ ਖ਼ਰਾਬ ਹੁੰਦੀ ਜਾਪਦੀ ਹੈ। ਗੈਂਗ ਕਲਚਰ ਸਿਖਰਾਂ ’ਤੇ ਹੈ।

ਕਾਂਗਰਸ ਦੇ, ਲੋਕਾਂ ਵਲੋਂ ਚੁਣੇ 75 ਸਾਂਸਦ ਅਤਿ ਨਿਰਾਸ਼ ਹਨ। ਤ੍ਰਿਣਮੂਲ ਕਾਂਗਰਸ ਦੇ 36 ਅਤੇ ‘ਆਪ’ ਪਾਰਟੀ ਦੇ 18 ਜਿਨ੍ਹਾਂ ਵਿਚ ਅਰਵਿੰਦ ਕੇਜਰੀਵਾਲ ਵੀ ਸ਼ਾਮਲ ਹਨ, ਉਸੇ ਹਾਲਤ ਵਿਚ ਹਨ। ਤਸਵੀਰ ਇਕ ਪਾਸੇ ਇਹ ਵਿਖਾਂਦੀ ਹੈ ਕਿ ਭਾਜਪਾ ਨੂੰ ਛੱਡ ਸਾਰੀਆਂ ਪਾਰਟੀਆਂ ਦਾਗ਼ੀ ਸਿਆਸਤਦਾਨਾਂ ਨਾਲ ਭਰੀਆਂ ਹੋਈਆਂ ਹਨ ਤੇ ਦੇਸ਼ ਕੋਲ ਭਾਜਪਾ ਨੂੰ ਚੁਣਨ ਦੇ ਸਿਵਾਏ ਹੋਰ ਕੋਈ ਚਾਰਾ ਹੀ ਨਹੀਂ ਬਚਿਆ। ਤਸਵੀਰ ਦਾ ਦੂਜਾ ਪਾਸਾ ਦਸਦਾ ਹੈ ਕਿ ਜਨਤਾ ਦੇ ਮਨ ਵਿਚ ਇਹ ਸੋਚ ਬਿਠਾਉਣ ਵਾਸਤੇ ਕਿ ਸਾਰੀ ਵਿਰੋਧੀ ਧਿਰ ਭ੍ਰਿਸ਼ਟ ਹੈ, ਈ.ਡੀ. ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।ਈ.ਡੀ. ਦੇ ਛਾਪੇ ਕਾਂਗਰਸ/ਯੂ.ਪੀ.ਏ. ਦੇ ਸਮੇਂ ਵੀ ਪੈਂਦੇ ਸਨ ਪਰ ਉਸ ਸਮੇਂ ਉਹ ਕਾਂਗਰਸੀਆਂ ਤੇ ਵੀ ਪੈਂਦੇ ਸਨ। ਭਾਜਪਾ ਦੇ 7 ਸਾਲਾਂ ਵਿਚ ਈ.ਡੀ. ਸਿਰਫ਼ ਸਰਕਾਰ ਦੇ ਵਿਰੋਧੀਆਂ ਤੇ ਸਰਕਾਰ ਵਿਰੁਧ ਬੋਲਣ ਵਾਲੀਆਂ ਸਮਾਜਕ ਸ਼ਖ਼ਸੀਅਤਾਂ, ਪੱਤਰਕਾਰਾਂ ਆਦਿ ਨੂੰ ਹੀ ਪਿਆ ਹੈ। ਸਿਰਫ਼ ਈ.ਡੀ. ਹੀ ਨਹੀਂ, ਸਾਰੀਆਂ ਕੇਂਦਰੀ ਏਜੰਸੀਆਂ ਤੇ ਦਿੱਲੀ ਪੁਲਿਸ ਮਿਲ ਕੇ ਇਹ ਸਾਰੀ ਪ੍ਰਕਿਰਿਆ ਪੂਰੀ ਕਰ ਰਹੀਆਂ ਹਨ। ਅੱਜ ਜਦ ਪ੍ਰਧਾਨ ਮੰਤਰੀ ਆਪ ਆਖ ਰਹੇ ਹਨ ਕਿ ਜੋ ਲੋਕ ਜੇਲਾਂ ਵਿਚ ਇਨਸਾਫ਼ ਦੀ ਪ੍ਰਕਿਰਿਆ ਪੂਰੀ ਹੋਣ ਦੀ ਤਾਂਘ ਵਿਚ ਬੈਠੇ ਹਨ, ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ਤਾਂ ਫਿਰ ਇਨ੍ਹਾਂ ਨਵੇਂ ਬਣਾਏ ਜਾ ਰਹੇ ਦੋਸ਼ੀਆਂ ਦਾ ਕੀ ਕੀਤਾ ਜਾਵੇਗਾ?

ਜਦ ਅੰਨਾ ਹਜ਼ਾਰੇ ਮੁਹਿੰਮ ਸ਼ੁਰੂ ਹੋਈ ਸੀ ਤਾਂ ਉਹ ਵੀ ਭ੍ਰਿਸ਼ਟਾਚਾਰ ਦੇ ਵਿਰੋਧ ਵਿਚ ਸੀ ਜੋ ਸਾਡੇ ਸਮਾਜ ਨੂੰ ਖੋਖਲਾ ਕਰ ਰਿਹਾ ਹੈ। ਲੋਕਾਂ ਨੇ ਵੀ ਬਦਲਾਅ ਮੰਗਿਆ ਸੀ ਨਾ ਕਿ ਬਦਲਾ। ਭਾਰਤ ਵਿਚ ਸੱਭ ਤੋਂ ਵੱਡੀ ਜ਼ਰੂਰਤ ਇਹ ਹੈ ਕਿ ਸਰਕਾਰ ਦੇ ਹਰ ਸਿਸਟਮ ਨੂੰ ਵੱਧ ਤੋਂ ਵੱਧ ਤਾਕਤਵਰ ਬਣਾਇਆ ਜਾਵੇ ਪਰ ਉਸ ਵਿਚ ਕੰਮ ਕਰਨ ਵਾਲੇ ਲੋਕ ਇਸ ਸਿਸਟਮ ਦੀ ਦੁਰਵਰਤੋਂ ਨਾ ਕਰ ਸਕਣ।

ਭਾਵੇਂ ਦੇਸ਼ ਵਿਚ ਕਿਸੇ ਵੀ ਪਾਰਟੀ ਦਾ ਰਾਜ ਹੋਵੇ, ਈ.ਡੀ., ਸੀ.ਬੀ.ਆਈ., ਆਈ ਟੀ ਕਿਸੇ ਦੇ ਇਸ਼ਾਰੇ ’ਤੇ ਨਾ ਚਲ ਸਕਣ। ਅਦਾਲਤ ਜੇ ਈ.ਡੀ. ਦੀਆਂ ਤਾਕਤਾਂ ਨੂੰ ਅਸੀਮਤ ਬਣਾਉਣਾ ਚਾਹੁੰਦੀ ਸੀ ਤਾਂ ਫਿਰ ਉਸ ਦੀ ਜਵਾਬਦੇਹੀ ਵੀ ਅਸੀਮਤ ਹੋਣੀ ਚਾਹੀਦੀ ਹੈ। ਅੱਜ ਇਸ ਦੇਸ਼ ਨੂੰ ਇਕ ਤਾਕਤਵਰ ਲੋਕਪਾਲ ਪ੍ਰਬੰਧ ਦੀ ਜ਼ਰੂਰਤ ਹੈ ਜਿਸ ਵਿਚ ਸਰਕਾਰ ਦੀ ਦਖ਼ਲ-ਅੰਦਾਜ਼ੀ ਮੁਮਕਿਨ ਹੀ ਨਾ ਹੋਵੇ। ਅਦਾਲਤਾਂ ਨੂੰ ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਤੋਂ ਉਤੇ ਰਖਿਆ ਗਿਆ ਸੀ ਪਰ ਜਦ ਜੱਜ ਹੀ ਸਰਕਾਰ ਦੇ ਹਰ ਬਚਨ ਨੂੰ ‘ਸਤਿ ਬਚਨ’ ਕਹਿਣ ਲੱਗ ਜਾਣ ਤਾਂ ਫਿਰ ਉਸ ਸਿਸਟਮ ਤੋਂ ਵੀ ਉਮੀਦਾਂ ਘੱਟ ਹੀ ਰਹਿ ਜਾਂਦੀਆਂ ਹਨ। ਸਿਆਸਤਦਾਨਾਂ ਨਾਲ ਹਮਦਰਦੀ ਕਰਨੀ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾ ਨੇ ਅਸਲ ਵਿਚ ਭ੍ਰਿਸ਼ਟਾਚਾਰ ਕੀਤਾ ਹੁੰਦਾ ਹੈ ਤੇ ਉਨ੍ਹਾਂ ਦੇ ਫੜੇ ਜਾਣ ਦਾ ਅਫ਼ਸੋਸ ਨਹੀਂ ਪਰ ਇਸ ਸਿਸਟਮ ਨਾਲ ਹਕੂਮਤੀ ਪਾਰਟੀ ਉਨ੍ਹਾਂ ਦੀ ਆਵਾਜ਼ ਨੂੰ, ਜਦ ਤਕ ਉਹ ਚਾਹੇ, ਦਬਾਈ ਰੱਖ ਸਕਦੀ ਹੈ। ਅਸਲ ਮਕਸਦ ਰਾਹ ਵਿਚ ਹੀ ਦਮ ਤੋੜ ਜਾਂਦਾ ਹੈ। ਉਸ ਵਾਸਤੇ ਸ਼ਾਇਦ ਇਕ ਹੋਰ ਅੰਨਾ ਹਜ਼ਾਰੇ ਮੁਹਿੰਮ ਨੂੰ ਜਨਮ ਲੈਣਾ ਪਵੇਗਾ।-- ਨਿਮਰਤ ਕੌਰ

So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ







LUCKY'S A to Z DRIVING SCHOOL
Lucky 604-614-5365
Unit 15 - 8388 128 St., Surrey

ATLAS
ANIMAL HOSPITAL
Open 24 Hours 7 Days a Week




- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਅਸੀ (ਸਿੱਖ) ਦੇਸ਼ ਦੀ ਹਰ ਔਕੜ ਵਿਚ ਵਿੱਤੋਂ ਵੱਧ ਸਹਾਈ ਹੋਏ ਸਾਡੇ ਨਾਲ ਇਹ ਸਲੂਕ ਕਿਉਂ ਕੀਤਾ ਜਾ ਰਿਹਾ ਹੈ?:ਐਮ.ਪੀ. ਹਰਭਜਨ ਸਿੰਘ



ਨਵੀਂ ਦਿੱਲੀ:ਸੰਸਦ ਦੇ ਮਾਨਸੂਨ ਇਜਲਾਸ ਵਿਚ ਪੰਜਾਬ ਦੇ ਸੰਸਦ ਮੈਂਬਰ ਲਗਾਤਾਰ ਪੰਜਾਬ ਅਤੇ ਸਿੱਖਾਂ ਦੇ ਅਹਿਮ ਮੁੱਦੇ ਚੁੱਕ ਰਹੇ ਹਨ। ਇਸ ਦੌਰਾਨ ਕ੍ਰਿਕਟਰ ਅਤੇ ਸੰਸਦ ਮੈਂਬਰ ਹਰਭਜਨ ਸਿੰਘ ਵੀ ਸੰਸਦ 'ਚ ਪੰਜਾਬ ਦੇ ਮੁੱਦੇ ਚੁੱਕਦੇ ਨਜ਼ਰ ਆਏ। ਉਨ੍ਹਾਂ ਨੇ ਅਫ਼ਗਾਨਿਸਤਾਨ 'ਚ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਹੋ ਰਹੇ ਹਮਲਿਆਂ ਦਾ ਮੁੱਦਾ ਉਠਾਉਂਦਿਆਂ ਪੁੱਛਿਆ ਕਿ ਸਾਨੂੰ ਹੀ ਕਿਉਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ? ਹਰਭਜਨ ਸਿੰਘ ਨੇ ਕਿਹਾ ਕਿ ਇਹ ਇਕ ਅਜਿਹਾ ਮੁੱਦਾ ਹੈ ਜਿਸ ਨੇ ਨਾ ਸਿਰਫ਼ ਦੁਨੀਆਂ ਦੇ ਕੋਨੇ-ਕੋਨੇ ਵਿਚ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਸਗੋਂ ਇਹ ਸਿੱਖ ਹੋਣ ਦੀ ਪਛਾਣ 'ਤੇ ਹਮਲਾ ਹੈ। ਅਜਿਹੇ ਹਮਲੇ ਸਾਨੂੰ ਕਈ ਸਵਾਲ ਖੜੇ ਕਰਨ ਲਈ ਮਜਬੂਰ ਕਰਦੇ ਹਨ ਕਿ ਇਹ ਹਮਲੇ ਸਿਰਫ਼ ਸਾਡੇ 'ਤੇ ਹੀ ਕਿਉਂ ਕੀਤੇ ਜਾਂਦੇ ਹਨ? ਸਾਨੂੰ ਕਿਉਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ? ਜੇਕਰ ਕੋਵਿਡ ਕਾਲ ਦੀ ਗੱਲ ਕਰੀਏ ਤਾਂ ਉਸ ਸਮੇਂ ਗੁਰਦੁਆਰਿਆਂ ਅਤੇ ਸਿੱਖਾਂ ਨੇ ਲੋੜਵੰਦਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਈ ਸੀ ।ਉਨ੍ਹਾਂ ਕਿਹਾ ਆਜ਼ਾਦੀ ਤੋਂ ਬਾਅਦ ਦੇਸ਼ ਦੇ ਸਿੱਖਾਂ ਦੇ ਯੋਗਦਾਨ ਤੋਂ ਕੋਈ ਅਣਜਾਣ ਨਹੀਂ ਹੈ। ਸਿੱਖ ਮਦਦ ਲਈ ਹਮੇਸ਼ਾ ਹੀ ਅੱਗੇ ਰਹੇ ਹਨ ਚਾਹੇ ਕੋਈ ਵੀ ਹਾਲਾਤ ਹੋਣ । ਸਿੱਖ ਭਾਈਚਾਰਾ ਭਾਰਤ ਅਤੇ ਹੋਰ ਦੇਸ਼ਾਂ ਵਿਚਾਲੇ ਸਬੰਧਾਂ ਵਿਚ ਮਜ਼ਬੂਤ ਕੜੀ ਰਿਹਾ ਹੈ । ਇਸ ਸਭ ਦੇ ਬਾਵਜੂਦ ਸਾਡੇ ਨਾਲ ਅਜਿਹਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ? ਰਾਜ ਸਭਾ ਮੈਂਬਰ ਹਰਭਜਨ ਸਿੰਘ ਨੇ ਵੀ ਕੇਂਦਰ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਸਰਾਵਾਂ 'ਤੇ ਜੀਐਸਟੀ ਲਗਾਉਣ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀਆਂ ਜੋ ਵੀ ਸਰਾਵਾਂ ਹਨ ਉਹ ਕਮਾਈ ਦਾ ਸਾਧਨ ਨਹੀਂ ਸਗੋਂ ਸੇਵਾ ਭਾਵ ਨਾਲ ਬਣਾਇਆ ਗਈਆਂ ਹਨ ਅਤੇ ਸੇਵਾ 'ਤੇ ਕੋਈ ਟੈਕਸ ਨਹੀਂ ਲੱਗਣਾ ਚਾਹੀਦਾ। ਵਿਦੇਸ਼ਾਂ ਤੋਂ ਆਉਣ ਵਾਲੇ ਸਾਰੇ ਲੋਕ ਸਰਾਂ ਵਿੱਚ ਠਹਿਰਦੇ ਹਨ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਹਰਿਮੰਦਰ ਸਾਹਿਬ ਵਿੱਚ ਕਈ ਅਜਿਹੇ ਹੋਟਲ ਹਨ ਜਿੱਥੇ ਲੋਕ ਠਹਿਰਦੇ ਹਨ ਅਤੇ ਬਿੱਲਾਂ ਰਾਹੀਂ ਜੀ.ਐਸ.ਟੀ. ਭਰਦੇ ਹਨ। ਹਰਭਜਨ ਸਿੰਘ ਨੇ ਕੇਂਦਰ ਸਰਕਾਰ ਨੂੰ ਆਪਣਾ ਇਹ ਫ਼ੈਸਲਾ ਜਲਦੀ ਤੋਂ ਜਲਦੀ ਵਾਪਸ ਲੈਣ ਦੀ ਅਪੀਲ ਕੀਤੀ ਹੈ।


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

ਪੰਜਾਬ ਸਵੀਟ ਹਾਊਸ

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

2 Locations to Serve you

#4-12818-72 Ave., Surrey, BC
604-591-7611

#8A-31205 Old Yale Rd., Abbotsford, BC
604-504-1761


## ਭ੍ਰਿਸ਼ਟਾਚਾਰ:ਪੈਸਾ ਨਹੀਂ ਇੱਜ਼ਤ



ਝੁਨਝੁਨੂ:ਰਾਜਸਥਾਨ ਦੇ ਮੰਤਰੀ ਰਾਜੇਂਦਰ ਸਿੰਘ ਗੁਢਾ ਨੇ ਦੇਸ਼ ਵਿਚ ਭ੍ਰਿਸ਼ਟਾਚਾਰ ਦੇ ਸੰਬੰਧ 'ਚ ਸਕੂਲੀ ਵਿਦਿਆਰਥਣ ਦੇ ਸਵਾਲ ਦਾ ਦਿਲਚਸਪ ਜਵਾਬ ਦਿੱਤਾ। ਗੁਢਾ 1 ਜੁਲਾਈ ਨੂੰ ਉਦੈਪੁਰਵਤੀ ਦੇ ਨਿੱਜੀ ਸਕੂਲ 'ਚ ਇਕ ਪ੍ਰੋਗਰਾਮ ਵਿਚ ਸ਼ਾਮਲ ਹੋਏ ਸਨ। ਸਕੂਲ ਦੀ ਵਿਦਿਆਰਥਣ ਦੇ ਸਵਾਲ ਦੇ ਜਵਾਬ ਵਿਚ ਗੁਢਾ ਨੇ ਖੁਲਾਸਾ ਕੀਤਾ ਕਿ ਉਨ੍ਹਾ ਨੂੰ ਰਾਜ ਸਭਾ ਲਈ ਵੋਟਿੰਗ ਦੌਰਾਨ ਕਿਸੇ ਪਾਰਟੀ ਦੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਬਦਲੇ 25 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ। ਉਨ੍ਹਾ ਆਪਣੀ ਪਤਨੀ ਤੇ ਬੱਚਿਆਂ ਨਾਲ ਪੇਸ਼ਕਸ਼ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੈਸਾ ਨਹੀਂ ਇੱਜ਼ਤ ਚਾਹੀਦੀ ਹੈ। ਮੰਤਰੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਨ੍ਹਾ ਨੂੰ 60 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਸੀ, ਪਰ ਪਰਵਾਰ ਨੇ ਇਸ ਪੇਸ਼ਕਸ਼ ਨੂੰ ਠੋਕਰ ਮਾਰਨ ਲਈ ਕਿਹਾ। ਮੰਤਰੀ ਨੇ ਕਿਹਾ ਕਿ ਜੇ ਹਰ ਕੋਈ ਇਸ ਤਰ੍ਹਾਂ ਸੋਚਣ ਲੱਗੇ ਤਾਂ ਦੇਸ਼ ਦਾ ਭਲਾ ਹੋਵੇਗਾ।

## ਕੈਨੇਡਾ 'ਚ 2 ਪੰਜਾਬੀ ਨੌਜਵਾਨਾਂ ਦੀ ਹਾਦਸੇ 'ਚ ਮੌਤ



ਐਬਟਸਫੋਰਡ, (ਗੁਰਦੀਪ ਸਿੰਘ ਗਰੇਵਾਲ)-ਕੈਨੇਡਾ 'ਚ ਵਾਪਰੇ ਵੱਖ-ਵੱਖ ਹਾਦਸਿਆਂ 'ਚ ਹਰਿਆਣਾ ਨਾਲ ਸੰਬੰਧਿਤ 2 ਪੰਜਾਬੀ ਨੌਜਵਾਨਾਂ ਦੀ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਹੈ। ਨਿਊਫ਼ਾਊਂਡਲੈਂਡ ਸੂਬੇ ਦੇ ਸੇਂਟ ਜੌਹਨ ਸ਼ਹਿਰ ਵਿਖੇ ਵਾਪਰੇ ਸੜਕ ਹਾਦਸੇ 'ਚ ਸੰਦੀਪ ਸਿੰਘ ਧਾਲੀਵਾਲ ਦੀ ਮੌਤ ਹੋ ਗਈ। ਹਰਿਆਣਾ ਦੇ ਜ਼ਿਲ੍ਹਾ ਸਿਰਸਾ ਦੇ ਮੰਡੀ ਡੱਬਵਾਲੀ ਨੇੜਲੇ ਪਿੰਡ ਅਲੀਕਾ ਦੇ ਬਹਾਦਰ ਸਿੰਘ ਦਾ ਸਪੁੱਤਰ ਸੰਦੀਪ ਸਿੰਘ ਸਤੰਬਰ 2021 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਇਆ ਸੀ, ਜਦਕਿ ਸਰੀ ਵਿਖੇ ਵਾਪਰੇ ਇਕ ਹੋਰ ਹਾਦਸੇ 'ਚ ਜਸਕੀਰਤ ਸਿੰਘ ਦੀ ਮੌਤ ਹੋ ਗਈ। ਉਹ 20 ਵਰ੍ਹਿਆਂ ਦਾ ਸੀ। ਅੰਬਾਲਾ ਦਾ ਜੰਮਪਲ ਜਸਕੀਰਤ ਸਿੰਘ 2018 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਇਆ ਸੀ ਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

4 ਅਗਸਤ, ਦਿਨ ਵੀਰਵਾਰ........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
5 ਅਗਸਤ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
5 ਅਗਸਤ, ਦਿਨ ਸ਼ੁੱਕਰਵਾਰ.......ਸਵੇਰੇ 9:30 ਵਜੇ ਭਾਈ ਸਤਪਾਲ ਸਿੰਘ ਧਾਲੀਵਾਲ ਅਤੇ ਪਰਿਵਾਰ ਵਲੋਂ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
6 ਅਗਸਤ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
7 ਅਗਸਤ, ਦਿਨ ਐਤਵਾਰ........ਸਵੇਰ ਨੂੰ ਭਾਈ ਸਤਪਾਲ ਸਿੰਘ ਧਾਲੀਵਾਲ ਅਤੇ ਪਰਿਵਾਰ ਵਲੋਂ ਅਰੰਭ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।
11 ਅਗਸਤ, ਦਿਨ ਵੀਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
12 ਅਗਸਤ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
13 ਅਗਸਤ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
14 ਅਗਸਤ, ਦਿਨ ਐਤਵਾਰ.......ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਜੇ ਗਰੇਵਰ ਅਤੇ ਪਰਿਵਾਰ ਵਲੋਂ ਹੋਵੇਗੀ।
14 ਅਗਸਤ, ਦਿਨ ਐਤਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
18 ਅਗਸਤ, ਦਿਨ ਵੀਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
19 ਅਗਸਤ, ਦਿਨ ਸ਼ੁੱਕਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
20 ਅਗਸਤ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
21 ਅਗਸਤ, ਦਿਨ ਐਤਵਾਰ.......ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਪੂਰਨ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।
21 ਅਗਸਤ, ਦਿਨ ਐਤਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਬੀਬੀ ਤਰਸੇਮ ਕੌਰ ਪਰਹਾਰ ਤੇ ਪਰਿਵਾਰ ਵਲੋਂ ਸਵਰਗਵਾਸੀ ਕਰਨੈਲ ਸਿੰਘ ਪਰਹਾਰ ਦੀ ਯਾਦ ਵਿਚ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ:
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 12 ਅਗਸਤ 2022, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 14 ਅਗਸਤ 2022, ਦਿਨ ਐਤਵਾਰ ਸਵੇਰੇ 9:00 ਵਜੇ
ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਗੁਰਬਾਣੀ ਕੀਰਤਨ ਅਤੇ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਿਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ।
ਗੁਰੂ ਕਾ ਲੰਗਰ ਤਿੰਨ ਦਿਨ ਅਤੁਟ ਵਰਤੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਰੱਖੜੀ ਤੇ ਵਿਸ਼ੇਸ਼

## ਵੀਰਾ ਅੱਜ ਦੇ ਸ਼ੁਭ ਦਿਹਾੜੇ...

ਵੀਰਾ ਅੱਜ ਦੇ ਸ਼ੁਭ ਦਿਹਾੜੇ, ਦਿਲ ਤੋਂ ਦਿਆਂ ਦੁਆਵਾਂ।
ਰੱਖੜੀ ਦੇ ਤਿਉਹਾਰ ਤੇ ਬੀਬਾ, ਦਿਲ ਦਾ ਹਾਲ ਸੁਣਾਵਾਂ।
ਜੁੜੀਆਂ ਰਹਿਣ ਹਮੇਸ਼ਾ ਸਾਡੇ, ਪਿਆਰ ਦੀਆਂ ਇਹ ਤੰਦਾਂ।
ਮੇਰੀਆਂ ਯਾਦਾਂ ਦੇ ਵਿੱਚ ਵਸੀਆਂ, ਘਰ ਤੇਰੇ ਦੀਆਂ ਕੰਧਾਂ।
ਕਿਧਰੇ ਭੁੱਲ ਨਾ ਜਾਈਂ ਅੜਿਆ, ਭੈਣਾਂ ਦਾ ਸਿਰਨਾਵਾਂ
ਵੀਰਾ...
ਬਹਿੰਦੀ ਉਠਦੀ ਹਰ ਵੇਲੇ ਮੈਂ, ਸੁੱਖਾਂ ਤੇਰੀਆਂ ਮੰਗਾਂ।
ਦੁੱਖ- ਸੁੱਖ ਆਪਣੇ ਆਪੇ ਝੱਲਾਂ, ਤੈਨੂੰ ਦੱਸਦੀ ਸੰਗਾਂ।
ਤੇਰੇ ਉਤੇ ਦੁੱਖ ਮੇਰੇ ਦਾ, ਪੈ ਨਾ ਜਾਏ ਪਰਛਾਵਾਂ
ਵੀਰਾ.........
ਮਾਪੇ ਸਦਾ ਨਾ ਬੈਠੇ ਰਹਿਣੇ, ਵੀਰ ਭੈਣ ਦੀਆਂ ਬਾਹਵਾਂ।
ਭੁੱਲੀ ਵਿਸਰੀ ਭੈਣ ਜੋ ਤੈਨੂੰ, ਤੱਕਦੀ ਤੇਰੀਆਂ ਰਾਹਵਾਂ।
ਵੀਰ ਮੇਰੇ ਨੂੰ ਲੱਗ ਨਾ ਜਾਵਣ, ਤੱਤੀਆਂ ਕਦੇ ਹਵਾਵਾਂ
ਵੀਰਾ.........
ਹਰ ਔਰਤ ਦੀ ਇੱਜ਼ਤ ਕਰਨਾ, ਸੁੱਚਾ ਕਰਮ ਹੈ ਤੇਰਾ।
ਦੇਖ ਪਰਾਈ, ਭੈਣ ਸਮਝਣਾ, ਏਹੋ ਧਰਮ ਹੈ ਤੇਰਾ।
ਬਾਲੜੀਆਂ ਨੂੰ ਧੀਆਂ ਸਮਝੇਂ, ਵੱਡੀਆਂ ਸਮਝੇਂ ਮਾਵਾਂ
ਵੀਰਾ.........
ਕਿਸੇ ਭੈਣ ਤੇ ਵੀ ਜੇ ਤੱਕਿਆ,
ਭੀੜਾਂ ਨੇ ਬਣ ਆਈਆਂ।
ਬਿਨ ਰੱਖੜੀ ਤੋਂ 'ਦੀਸ਼' ਦੇ ਵੀਰਾਂ,
ਇੱਜ਼ਤਾਂ ਲੱਖ ਬਚਾਈਆਂ।
ਤੂੰ ਮਾਲਕ ਹੈਂ ਉਸ ਵਿਰਸੇ ਦਾ,
ਤੈਨੂੰ ਯਾਦ ਕਰਾਵਾਂ
ਵੀਰਾ.........



**ਗੁਰਦੀਸ਼ ਕੌਰ ਗਰੇਵਾਲ-**
**ਕੈਲਗਰੀ- ਕੈਨੇਡਾ**

## ਸਾਉਣ ਦਾ ਮਹੀਨਾ

**ਅਮਰਜੀਤ ਸਿੰਘ ਫੌਜੀ**

ਆਇਆ ਸਾਉਣ ਦਾ ਮਹੀਨਾ
ਨਿਗ੍ਹਾ ਮਾਹੀ ਦੀ ਸਵੱਲੀ ਏ
ਪੀਂਘ ਪਾਉਣ ਲਈ ਟਾਹਣਾਂ
ਪਹਿਲਾਂ ਜਾ ਕੇ ਮੱਲੀਏ
ਚੱਲ ਨਣਦੇ ਨੀ ਮੇਰੇ
ਪੇਕਿਆਂ ਨੂੰ ਚੱਲੀਏ
ਵੀਰ ਤੁਰ ਗਿਆ ਕਨੇਡਾ
ਮੈਨੂੰ ਆ ਕੇ ਸੀ ਲੈ ਜਾਂਦਾ
ਉਹ ਤਾਂ ਦੋ ਦੋ ਦਿਨ
ਮੇਰੇ ਕੋਲ ਸੀ ਰਹਿ ਜਾਂਦਾ
ਬੇਬੇ ਬਾਪੂ ਕੋਲ ਹੁਣ
ਭਾਬੋ ਰਹਿ ਗਈ ਕੱਲੀ ਏ
ਚੱਲ ਨਣਦੇ...
ਮੇਰੇ ਵਾਂਗੂੰ ਮਾਂ ਤੈਨੂੰ
ਗਲ ਨਾਲ ਲਾਊਗੀ
ਖੀਰ ਪੂੜੇ ਮੱਠੀਆਂ
ਗੁਲਗੁਲੇ ਖੁਆਊਗੀ
ਲਿਆਊ ਵਧੀਆ ਜਿਹੇ ਸੂਟ
ਸ਼ਹਿਰ ਬਾਪੂ ਜੀ ਨੂੰ ਘੱਲੀਏ
ਚੱਲ ਨਣਦੇ...
ਨਾਲ ਦੀਆਂ ਸਖੀਆਂ ਵੀ
ਸਹੁਰਿਆਂ ਤੋਂ ਆਉਣੀਆਂ
ਸਾਰੀਆਂ ਨੇ ਰਲ ਮਿਲ
ਪੀਘਾਂ ਨੇ ਚੜ੍ਹਾਉਣੀਆਂ
ਕਿਤੇ ਹੋਜੀਏ ਨਾ ਲੇਟ
ਔਹ ਬਸ ਲੰਘ ਚੱਲੀ ਏ
ਚੱਲ ਨਣਦੇ...
ਸ਼ੁਰੂ ਹੋ ਕੇ ਤੀਜ ਤੋਂ ਨੇ
ਬੱਲੋ ਤੱਕ ਰਹਿਣੀਆਂ
ਦੇਖੀਂ ਤੂੰ ਵੀ ਤੀਆਂ 'ਚ
ਧਮਾਲਾਂ ਕਿਵੇਂ ਪੈਣੀਆਂ
ਬੱਲੋ ਪਿੱਛੋਂ ਸਹੁਰੇ
ਤੁਰ ਜਾਣਾ ਕੱਲੀ ਕੱਲੀ ਏ
ਤੀਆਂ ਪਿੱਛੋਂ 'ਫ਼ੌਜੀ' ਪਿੰਡ
ਸਹੁਰਿਆਂ ਦੇ ਆਊਗਾ
ਖ਼ੁਸ਼ੀ ਖ਼ੁਸ਼ੀ ਪਿੰਡ ਦੀਨੇ
ਵਾਪਸ ਲਿਆਊਗਾ
ਮਾਹੀ ਦੇ ਪਿਆਰ ਮੈਨੂੰ
ਕਰ ਦੇਣਾ ਝੱਲੀ ਏ
ਚੱਲ ਨਣਦੇ ਨੀ
ਮੇਰੇ ਪੇਕਿਆਂ ਨੂੰ ਚੱਲੀਏ।

## ਸੰਧਾਰਾ

ਸਾਲ ਪਿੱਛੋਂ ਆਉਂਦਾ ਏ ਨੀ, ਸਾਉਣ ਦਾ ਮਹੀਨਾ
ਵੀਰਾਂ ਅਤੇ ਭੈਣਾਂ ਨੂੰ, ਮਿਲਾਉਣ ਦਾ ਮਹੀਨਾ
ਘਰ ਸਾਡੇ ਦਾ ਨੀ ਆਣ, ਕੁੰਡਾ ਖੜਕਾਇਆ ਏ
ਨੀ ਵੀਰ ਮੇਰਾ ਸਖੀਓ, ਸੰਧਾਰਾ ਲੈ ਕੇ ਆਇਆ ਏ
ਵੀਰ ਨੀ ਸਹੇਲੀਓ, ਸੰਧਾਰਾ ਲੈ ਕੇ ਆਇਆ ਏ
ਬਿਸਕੁਟਾਂ ਨਾਲ, ਭਰ ਪੀਪਾ ਵੀ ਲਿਆਇਆ ਏ
ਬੜਾ ਸੋਹਣਾ ਮੇਰੇ ਲਈ, ਪੰਜਾਬੀ ਸੂਟ ਆਇਆ ਏ
ਖ਼ੁਸ਼ੀਆਂ ਤੇ ਚਾਵਾਂ ਨਾਲ, ਮੈਂ ਸੂਟ ਪਾਇਆ ਏ
ਨੀ ਵੀਰ ਮੇਰਾ ਕੁੜੀਉ, ਸੰਧਾਰਾ ਲੈਕੇ ਆਇਆ ਏ
ਆਂਢ ਤੇ ਗੁਆਂਢ ਨੂੰ ਵੀ, ਚਾਵਾਂ ਨਾਲ ਦੱਸਦੀ
ਖ਼ੁਸ਼ੀ ਨਾਲ ਵਿਹੜੇ ਵਿੱਚ, ਫਿਰਾਂ ਧੂੜਾਂ ਪੱਟਦੀ
ਬੋਲੀਆਂ ਤੇ ਗੀਤ, ਅੱਜ ਪੇਕਿਆਂ ਦਾ ਗਾਇਆ ਏ
ਵੀਰ ਮੇਰਾ ਸਖੀਉ, ਸੰਧਾਰਾ ਲੈ ਕੇ ਆਇਆ ਏ
ਬੇਬੇ ਬਾਪੂ ਖ਼ੁਸ਼ੀ ਨਾਲ, ਭੇਜਿਆ ਏ ਵੀਰ ਨੂੰ
ਮੱਝਾਂ ਚੋ ਕੇ ਸੱਜਰਾ, ਬਣਾਵਾ ਅੱਜ ਖੀਰ ਨੂੰ
ਗੁਲਾਮੀ ਵਾਲੇ ਬੂਟੇ, ਸਾਲ ਬਾਅਦ ਫੇਰਾ ਪਾਇਆ ਏ
ਨੀ ਵੀਰ ਮੇਰਾ ਸਖੀਉ, ਸੰਧਾਰਾ ਲੈ ਕੇ ਆਇਆ ਏ

## ਤੀਆਂ

**ਕੁਲਮਿੰਦਰ ਕੌਰ**

ਦਾਦੀ ਮਾਂ,
ਓ! ਮੇਰੀ ਪਿਆਰੀ ਦਾਦੀ ਮਾਂ,
ਆ ਤੂੰ ਮੈਨੂੰ ਅੱਜ ਸੁਣਾ,
ਤੁਸੀਂ ਵੀ ਤਾਂ ਸੀ ਧੀਆਂ,
ਕਿਵੇਂ ਮਨਾਉਂਦੇ ਸੀ ਤੁਸੀਂ ਤੀਆਂ?
ਆ ਮੇਰੀ ਲਾਡੋ, ਬਹਿ ਮੇਰੇ ਕੋਲ,
ਤੈਨੂੰ ਸੁਣਾਵਾਂ, ਮੈਂ ਦਿਲ ਖੋਲ੍ਹ।
ਤੁਸੀਂ ਮਨਾਉਂਦੇ ਹੋ, ਇੱਕ ਦਿਨ ਤੀਆਂ,
ਸਾਡੇ ਸੀ ਸਾਰਾ ਮਹੀਨਾ ਤੀਆਂ।
ਉਹ ਸੀ ਮਹੀਨਾ ਸਾਉਣ ਦਾ,
ਤੇ ਬਾਗੀਂ ਪੀਂਘਾਂ ਪਾਉਣ ਦਾ।
ਪਿੱਪਲ ਦੇ ਟਾਹਣਿਆਂ ਤੇ ਪੀਂਘਾਂ ਸੀ ਪੈਂਦੀਆਂ,
ਝੂਟ-ਝੂਟ ਪੀਂਘਾਂ, ਉੱਡ ਅਸਮਾਨੀ ਜਾਂਦੀਆਂ।
ਪਿੰਡ ਤੋਂ ਬਾਹਰਵਾਰ ਸਖੀਆਂ ਸੀ ਜਾਂਦੀਆਂ,
ਪਿੜ ਬੰਨ੍ਹ ਗਿੱਧੇ ਵਿੱਚ, ਬੋਲੀਆਂ ਉਹ ਪਾਉਂਦੀਆਂ।
ਸਾਡੇ ਕੋਲ ਨਹੀਂ ਸਨ ਸਪੀਕਰ,
ਫਿਰ ਵੀ ਲੰਮੀਆਂ ਹੇਕਾਂ ਸੀ ਲਾਉਂਦੀਆਂ,
ਹਾਰੀਂ ਨਾ ਮਲਵੈਣੇਂ ਗਿੱਧਾ ਹਾਰ ਗਿਆ,
ਬੋਲੀ ਪਾ, ਫੂੰ ਫੂੰ ਕਰਕੇ ਨੱਚਦੀਆਂ।
ਨਵੀਂਆਂ ਵਿਆਹੀਆਂ ਪੇਕੇ ਸੀ ਆਉਂਦੀਆਂ,
ਪੇਕੇ ਘਰ ਆਉਣ ਦੀ ਖ਼ੁਸ਼ੀ ਉਹ ਮਨਾਉਂਦੀਆਂ।
ਉਹ ਤਾਂ ਨੱਚ ਨੱਚ ਕੇ, ਧਮਾਲਾਂ ਸੀ ਪਾਉਂਦੀਆਂ,
ਆਪਣਾ ਸੂਹਾ-ਚੂੜਾ ਛਣਕਾ, ਪਰਾਂਦੇ ਨੂੰ ਘੁਮਾਉਂਦੀਆਂ।
ਹਨੇਰਾ ਹੋਣ ਲੱਗਦਾ, ਤਾਂ ਘਰਾਂ ਨੂੰ ਪਰਤ ਜਾਂਦੀਆਂ,
ਜਾਣ ਤੋਂ ਪਹਿਲਾਂ, ਕਿੱਕਲੀ ਸੀ ਪਾਉਂਦੀਆਂ
ਗੀਤ ਸੀ ਇੱਕ, ਹੇਕਾਂ ਲਾ ਕੇ ਗਾਉਂਦੀਆਂ:
''ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ,
ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ।''
ਹੱਸ-ਖੇਡ ਕੇ ਘਰੀਂ, ਜਦ ਮੁੜਦੀਆਂ
ਗਲੀ ਦੇ ਮੋੜ ਤੇ ਖੁਸ਼ਬੋਆਂ ਸੀ ਆਉਂਦੀਆਂ
ਮਾਂ, ਚਾਚੀ ਤੇ ਦਾਦੀ ਨੇ ਪਕਾਏ ਹੁੰਦੇ ਸੀ ਪੂੜੇ
ਅਸੀਂ ਵੀ ਖਿੱਚ ਲੈਂਦੇ ਆਪਣੇ ਮੂੜੇ।
ਰੱਜ-ਰੱਜ ਕੇ ਪੂੜੇ ਖਾਂਦੇ,
ਗਿੱਧੇ ਦੀਆਂ ਗੱਲਾਂ ਦਾਦੀ ਨੂੰ ਸੁਣਾਉਂਦੇ।
ਦਾਦੀ ਸੁਣਦੀ ਤੇ ਮੈਨੂੰ ਵੇਖ ਖ਼ੁਸ਼ ਸੀ ਹੁੰਦੀ,
ਮੇਰੀ ਲਾਡੋ, ''ਸਦਾ ਹੱਸੇ ਤੇ ਸੁਖੀ ਵੱਸੇ'',
ਦੀ ਅਸੀਸ ਸੀ ਉਹ ਹਰਦਮ ਦਿੰਦੀ।

## ਸਾਵਣ ਮਾਹ

ਸਾਉਣ ਬੀਤ ਗਿਆ ਅੱਧਾ ਵੇ!
ਪਰ ਤੂੰ ਨਾ ਆਇਓਂ...!!
ਪਈ ਦੇਖਾਂ ਸੱਜਾ-ਖੱਬਾ ਵੇ!
ਪਰ ਤੂੰ ਨਾ ਆਇਓਂ...!!
ਸਖੀਆਂ ਸਭ ਪੇਕੇ ਘਰ ਆਈਆਂ!
ਸਭ ਭਲੇ ਘਰਾਂ ਦੀਆਂ ਜਾਈਆਂ!
ਤੇਰਾ ਇਸ਼ਕ ਲੋਹੜੇ ਦਾ ਲੱਗਾ ਵੇ!
ਪਰ ਤੂੰ ਨਾ ਆਇਓਂ...!!
ਕੁਝ ਵੀ ਖਾਣ ਨੂੰ ਜੀਅ ਨਾ ਕਰਦਾ!
ਤਿਰੇ ਬਿਨ ਪਿਆ ਕਾਲਜਾ ਘਿਰਦਾ!
ਖੀਰ-ਪੂੜੇ ਸਭ ਬਣਾ ਬੈਠੀ ਹਾਂ
ਮੇਰਾ ਪਿਆਰ ਤੇਰੇ ਸੰਗ ਬੱਧਾ ਵੇ!
ਪਰ ਤੂੰ ਨਾ ਆਇਓਂ...!!
ਕੰਤ ਬਿਨਾ ਸਾਵਣ ਮਾਹ ਕਾਹਦਾ?
ਬਿਨ ਸਾਥੀ ਹੈ ਜੀਵਨ ਕਾਹਦਾ?
ਕੱਲ੍ਹ ਵੇਖਿਆ ਸੁਪਨੇ ਵਿਚ ਮੈਂ
ਤੇਰੇ ਸੀਸ 'ਤੇ ਸਿਹਰਾ ਬੱਧਾ ਵੇ!
ਪਰ ਤੂੰ ਨਾ ਆਇਓਂ...!!
ਗ਼ਮਾਂ 'ਚ ਜਿੰਦ ਬੀਤ ਹੈ ਜਾਣੀ!
ਕੌਣ ਲਿਖੂ ਸਾਡੀ ਪ੍ਰੀਤ ਕਹਾਣੀ?
ਦਰਾਂ ਉੱਤੇ ਜਾ ਜਾ ਵੇਖਾਂ ਮੈਂ
ਪਲ-ਪਲ ਸੱਜਾ-ਖੱਬਾ ਵੇ!
ਪਰ ਤੂੰ ਨਾ ਆਇਓਂ...!!
ਮੀਂਹ ਨੇ ਕੇਹੀ ਰਿਮਝਿਮ ਲਾਈ!
ਕੁਦਰਤ ਰਾਣੀ ਹੈ ਨਸ਼ਿਆਈ!
ਖਿਲੇ ਹੁਸਨ ਮਨ ਟਪੂੰ ਟਪੂੰ ਕਰਦਾ
ਹੈ ਪਿਆਰ ਤੇਰੇ ਵਿਚ ਰੁੱਧਾ ਵੇ!
ਪਰ ਤੂੰ ਨਾ ਆਇਓਂ...!!
ਦਿਲ ਦੀ ਰੀਝ ਪੁਗਾ ਦੇ ਸੱਜਣਾ!
'ਅਜ਼ਾਦ' ਮਾਹੀ ਮੈਂ ਮੁੜ ਨਾ ਸੱਦਣਾ!
ਗ਼ਰਾਂ 'ਕਾਂਝਲੇ' ਬਹਾਰਾਂ ਨੱਚਣ
ਕੇਹਾ ਰੋਗ ਇਸ਼ਕ ਮੈਨੂੰ ਲੱਗਾ ਵੇ!
ਪਰ ਤੂੰ ਨਾ ਆਇਓਂ!
ਸਾਉਣ ਬੀਤ ਗਿਆ ਅੱਧਾ ਵੇ!
ਪਰ ਤੂੰ ਨਾ ਆਇਓਂ...!!

**ਰਣਜੀਤ ਆਜ਼ਾਦ ਕਾਂਝਲਾ**


Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*4 ਅਗਸਤ ਦਿਨ ਵੀਰਵਾਰ ਅਨੰਦ ਕਾਰਜ ਦੀ ਰਸਮ ਸ. ਪਰਮਜੀਤ ਸਿੰਘ ਗਰੇਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*5 ਅਗਸਤ ਦਿਨ ਸ਼ੁੱਕਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਪਰਗਟ ਸਿੰਘ ਚੌਹਾਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*5 ਅਗਸਤ ਦਿਨ ਸ਼ੁੱਕਰਵਾਰ ਅਨੰਦ ਕਾਰਜ ਦੀ ਰਸਮ ਬੀਬੀ ਅਮਰਜੀਤ ਕੌਰ ਗਿੱਲ ਅਤੇ ਉਹਨਾਂ ਦੇ ਸਮੂਹ ਪਿਰਵਾਰ ਵੱਲੋਂ।
*6 ਅਗਸਤ ਦਿਨ ਸ਼ਨੀਵਾਰ ਅਨੰਦ ਕਾਰਜ ਦੀ ਰਸਮ ਕ੍ਰਿਤੀ ਲਾਂਬਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*6 ਅਗਸਤ ਦਿਨ ਸ਼ਨੀਵਾਰ ਸ਼ਾਮ ਦੇ ਲੰਗਰ ਦੀ ਸੇਵਾ ਸ. ਗੁਰਪ੍ਰੀਤ ਸਿੰਘ ਕੈਲਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*7 ਅਗਸਤ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਸ. ਪਰਗਟ ਸਿੰਘ ਚੌਹਾਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।
*7 ਅਗਸਤ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਗੈਲਰੀ ਹਾਲ ਵਿਖੇ ਸਵੇਰੇ 10:30 ਵਜੇ ਬੀਬੀ ਰਵਨੀਤ ਕੌਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ
*7 ਅਗਸਤ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਗੈਲਰੀ ਹਾਲ ਵਿਖੇ ਸਵੇਰੇ 10:30 ਸ. ਗੁਰਪ੍ਰੀਤ ਸਿੰਘ ਬਿਜਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ
*7 ਅਗਸਤ ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਅਤੇ ਅੰਤਿਮ ਅਰਦਾਸ ਨਮਿੱਤ ਮਾਤਾ ਬੀਬੀ ਸੁਰਿੰਦਰ ਕੌਰ ਮਿਨਹਾਂਸ:ਵੱਲੋਂ ਸ. ਤਰਸੇਮ ਸਿੰਘ ਮਿਨਹਾਂਸ ਅਤੇ ਸਮੂਹ ਮਿਨਹਾਂਸ ਪਰਿਵਾਰ

**ਨੋਟ:** 4 ਸਤੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਸਾਹਿਬ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

- ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
- ਭਾਈ ਮਨਜੀਤ ਸਿੰਘ ਜੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਾਲੇ
- ਕਥਾ ਵਾਚਕ:ਗਿਆਨੀ ਗੁਰਪ੍ਰੀਤ ਸਿੰਘ ਜੀ ਦਿੱਲੀ ਬੰਗਲਾ ਸਾਹਿਬ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿਆਨੀ ਕੇਵਲ ਸਿੰਘ (ਗ੍ਰੰਥੀ):778-347-8284



# ਸੋਫਾ ਫੈਕਟਰੀ

**LOWEST PRICES IN TOWN**

## ਸਟੋਰ ਤੇ ਆ ਕੇ ਵੇਖੋ





## Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।











**2 PCS SOFA & LOVE SEAT**

**$1350**







ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ

# B&B FURNITURE

12732-80TH AVE. SURREY
604.594.6533

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ




# Dev Bros

## Custom Tailoring

‘ਦੇਵ ਬ੍ਰਦਰਜ’ ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ ‘ਚ

**We Specialize In**

*Men’s & Women’s Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

**Phone:604-880-8434**

Shifted to New Location
#117, 1779 Clearbook Road, Abbotsford



# PEACE FURNITURE

**For The Peace Of Your Mind**



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

| Business Hours: | |
|---|---|
| | Mon-Fri: 8am to 6pm |
| | Sat-Sun: 12 pm to 6 pm |

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca